A1 Roofing & Siding Ltd.
• ROOFING • SIDING • SOFFIT • STUCCO • HARDIE • FASCIA • EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 11 No: 263 Website : www.punjabiakhbaar.ca Email: editor@punjabiakhbaar.ca Friday, 7 March 2025

# ਡੋਨਲਡ ਟਰੰਪ ਅਤੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੰਸਕੀ ਹੋਏ ਮੇਹਣੋ-ਮੇਹਣੀ



ਵਾਸ਼ਿੰਗਟਨ ਡੀ ਸੀ (ਪੰਜਾਬੀ ਅਖ਼ਬਾਰ ਬਿਊਰੋ ) ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੰਸਕੀ ਜ਼ੇਲੇਨਸਕੀ ਵਿਚਕਾਰ ਯੂਕਰੇਨ ਯੁੱਧ ਦੇ ਮੁੱਦੇ 'ਤੇ ਵ੍ਹਾਈਟ ਹਾਊਸ ਵਿਚ ਤਿੱਖੀ ਬਹਿਸ ਹੋਈ। ਟਰੰਪ ਨੇ ਹੰਕਾਰ ਨਾਲ ਜ਼ੇਲੇਨਸਕੀ ਨੂੰ ਕਿਹਾ ਕਿ ਉਹ ਅਮਰੀਕੀ ਮੱਦਦ ਲਈ ਸ਼ੁਕਰਗੁਜ਼ਾਰ ਨਹੀਂ ਹਨ। ਟਰੰਪ ਨੇ ਜ਼ੇਲੇਂਸਕੀ ਨੂੰ ਕਿਹਾ ਕਿ ਤੁਸੀਂ ਕੋਈ ਸੌਦਾ ਕਰਨ ਦੀ ਸਥਿਤੀ ਵਿੱਚ ਨਹੀਂ ਹੋ। ਤੁਸੀਂ ਤੀਜੇ ਵਿਸ਼ਵ ਯੁੱਧ ਦੀ ਸੰਭਾਵਨਾ ਨਾਲ ਜੂਆ ਖੇਡ ਰਹੇ ਹੋ। ਜਾਂ ਤਾਂ ਤੁਸੀਂ ਕੋਈ ਸੌਦਾ ਕਰੋ ਜਾਂ ਅਸੀਂ ਇਸ ਸੌਦੇ ਤੋਂ ਬਾਹਰ ਹਾਂ। ਉੱਪ ਰਾਸ਼ਟਰਪਤੀ ਜੇਡੀ ਵਾਂਸ ਨੇ ਕਿਹਾ ਕਿ ਓਵਲ ਆਫਿਸ 'ਚ ਆ ਕੇ ਮੀਡੀਆ ਦੇ ਸਾਹਮਣੇ ਆਪਣੇ ਵਿਚਾਰ ਪੇਸ਼ ਕਰਨਾ ਅਤੇ ਸਾਡੇ 'ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕਰਨਾ ਅਪਮਾਨ ਹੈ। ਇਸ 'ਤੇ ਜ਼ੇਲੇਂਸਕੀ ਨੇ ਵੈਂਸ ਨੂੰ ਪੁੱਛਿਆ, ਕੀ ਤੁਸੀਂ ਸਾਡੀਆਂ ਸਮੱਸਿਆਵਾਂ ਦੇਖਣ ਲਈ ਯੂਕਰੇਨ ਗਏ ਹੋ? ਇਸ ਜੰਗ ਦਾ ਅਸਰ ਅਮਰੀਕਾ @ਤੇ ਵੀ ਪਵੇਗਾ। ਟਰੰਪ ਨੇ ਕਿਹਾ ਸਾਨੂੰ ਨਾ ਦੱਸੋ ਕਿ ਸਾਨੂੰ ਕੀ ਮਹਿਸੂਸ ਕਰਨਾ ਚਾਹੀਦਾ ਹੈ,। ਤੁਸੀਂ ਸਾਨੂੰ ਇਹ ਦੱਸਣ ਦੀ ਸਥਿਤੀ ਵਿੱਚ ਨਹੀਂ ਹੋ ਕਿ ਅਸੀਂ ਕੀ ਮਹਿਸੂਸ ਕਰਾਂਗੇ। ਅਸੀਂ ਬਹੁਤ ਮਜ਼ਬੂਤ ਅਤੇ ਆਤਮ-ਵਿਸ਼ਵਾਸ ਨਾਲ ਭਰਪੂਰ ਹੋਵਾਂਗੇ। ਇਸ ਬਹਿਸ ਤੋਂ ਬਾਅਦ ਜ਼ੇਲੇਂਸਕੀ ਵ੍ਹਾਈਟ ਹਾਊਸ ਤੋਂ ਚਲੇ ਗਏ ਅਤੇ ਟਰੰਪ ਨੇ ਕਿਹਾ ਜਦੋਂ ਤੁਸੀਂ ਸ਼ਾਂਤੀ ਕਰਨਾ ਚਾਹੋਗੇ ਤਾਂ ਵਾਪਸ ਆ ਜਾਇਓ। ਇਸ ਤਿੱਖੀ ਬਹਿਸ ਕਾਰਨ ਟਰੰਪ ਅਤੇ ਵੋਲੋਦੀਮੀਰ ਜ਼ੇਲੇਨਸਕੀ ਵਿਚਕਾਰ ਖਣਿਜਾਂ 'ਤੇ ਕੋਈ ਸਮਝੌਤਾ ਨਹੀਂ ਹੋ ਸਕਿਆ।

# ਅਮਰੀਕੀ ਟੈਰਿਫ ਨੀਤੀ ਮੂਰਖਤਾ ਭਰੀ ਅਤੇ ਲੱਖਾਂ ਨੌਕਰੀਆਂ ਨੂੰ ਵੀ ਨੁਕਸਾਨ ਪਹੁੰਚਾਉਣ ਵਾਲੀ ਹੈ- ਪ੍ਰੀਮੀਅਰ ਡੈਨੀਅਲ ਸਮਿਥ

ਐਡਮਿੰਟਨ(ਪੰਜਾਬੀ ਅਖ਼ਬਾਰ ਬਿਊਰੋ) ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਲਗਾਏ ਗਏ ਟੈਰਿਫ ਕੈਨੇਡੀਅਨਾਂ ਅਤੇ ਅਲਬਰਟਾ ਵਾਸੀਆਂ @ਤੇ ਇੱਕ ਗੈਰ-ਵਾਜਬ ਆਰਥਿਕ ਹਮਲਾ ਹਨ। ਇਹ ਉਸੇ ਅਮਰੀਕੀ ਰਾਸ਼ਟਰਪਤੀ ਦੁਆਰਾ ਆਪਣੇ ਪਹਿਲੇ ਕਾਰਜਕਾਲ ਦੌਰਾਨ ਦਸਤਖਤ ਕੀਤੇ ਗਏ ਵਪਾਰ ਸਮਝੌਤੇ ਦੀ ਸਪੱਸ਼ਟ ਉਲੰਘਣਾ ਨੂੰ ਵੀ ਦਰਸਾਉਂਦੇ ਹਨ। ਇਹ ਟੈਰਿਫ ਅਮਰੀਕੀ ਲੋਕਾਂ ਨੂੰ ਨੁਕਸਾਨ ਪਹੁੰਚਾਉਣਗੇ, ਜਿਸ ਨਾਲ ਬਾਲਣ, ਭੋਜਨ, ਵਾਹਨ, ਰਿਹਾਇਸ਼ ਅਤੇ ਹੋਰ ਬਹੁਤ ਸਾਰੇ ਉਤਪਾਦਾਂ ਦੀ ਲਾਗਤ ਵਧੇਗੀ। ਇਹ ਲੱਖਾਂ ਅਮਰੀਕੀ ਅਤੇ ਕੈਨੇਡੀਅਨ ਨੌਕਰੀਆਂ ਨੂੰ ਵੀ ਨੁਕਸਾਨ ਪਹੁੰਚਾਉਣਗੇ। ਇਹ ਨੀਤੀ ਮੂਰਖਤਾਪੂਰਨ ਅਤੇ ਹਰ ਪੱਖੋਂ ਅਸਫਲਤਾ ਹੈ। ਇਹ ਦੁਨੀਆ ਦੇ ਦੋ ਸਭ ਤੋਂ ਮਜ਼ਬੂਤ ਵਪਾਰਕ ਸਹਿਯੋਗੀਆਂ ਅਤੇ ਭਾਈਵਾਲਾਂ ਵਿਚਕਾਰ ਹੋਣਾ ਚਾਹੀਦਾ ਹੈ। ਅਸੀਂ ਟੈਰਿਫ ਯੁੱਧ ਦੇ ਵਿਚਕਾਰ ਫਸਣ ਦੀ ਬਜਾਏ ਅਮਰੀਕਾ ਨਾਲ ਆਪਸੀ ਲਾਭਦਾਇਕ ਵਪਾਰਕ ਸੌਦਿਆਂ 'ਤੇ ਕੰਮ ਕਰਨਾ ਪਸੰਦ ਕਰਾਂਗੇ।

ਅਲਬਰਟਾ ਸੂਬਾ ਪ੍ਰਧਾਨ ਮੰਤਰੀ ਦੁਆਰਾ ਐਲਾਨੇ ਗਏ ਸੰਘੀ ਜਵਾਬ ਦਾ ਪੂਰਾ ਸਮਰਥਨ ਕਰਦਾ ਹੈ। ਮੈਂ ਆਪਣੇ ਕੈਬਨਿਟ ਨਾਲ ਮਿਲ ਕੇ ਇਨ੍ਹਾਂ ਗੈਰ-ਕਾਨੂੰਨੀ ਟੈਰਿਫਾਂ ਪ੍ਰਤੀ ਅਲਬਰਟਾ ਦੇ ਜਵਾਬ 'ਤੇ ਚਰਚਾ ਕਰਾਂਗੀ, ਜਿਸਦਾ ਅਸੀਂ ਜਨਤਕ ਤੌਰ @ਤੇ ਐਲਾਨ ਕਰਾਂਗੇ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇੱਕ ਸੂਬੇ ਅਤੇ ਇੱਕ ਦੇਸ਼ ਵਜੋਂ ਇੱਕਜੁੱਟ ਹੋਈਏ। ਸਾਨੂੰ ਆਪਣੀ ਸਮੂਹਿਕ ਸ਼ਕਤੀ ਵਿੱਚ ਸਭ ਕੁਝ ਕਰਨਾ ਚਾਹੀਦਾ ਹੈ ਤਾਂ ਜੋ ਸੂਬਾਈ ਵਪਾਰ ਰੁਕਾਵਟਾਂ ਨੂੰ ਤੁਰੰਤ ਢਾਹਿਆ ਜਾ ਸਕੇ ਅਤੇ ਪਾਈਪਲਾਈਨਾਂ ਤੋਂ ਲੈ ਕੇ ਐਲਐਨਜੀ ਸਹੂਲਤਾਂ ਤੱਕ, ਮਹੱਤਵਪੂਰਨ ਖਣਿਜ ਪ੍ਰੋਜੈਕਟਾਂ ਤੱਕ, ਦਰਜਨਾਂ ਸਰੋਤ ਪ੍ਰੋਜੈਕਟਾਂ ਦੇ ਨਿਰਮਾਣ ਨੂੰ ਤੇਜ਼ ਕੀਤਾ ਜਾ ਸਕੇ। ਸਾਨੂੰ ਆਪਣੇ ਸਾਰੇ ਊਰਜਾ, ਖੇਤੀਬਾੜੀ ਅਤੇ ਨਿਰਮਿਤ ਉਤਪਾਦਾਂ ਲਈ ਪੂਰੇ ਯੂਰਪ, ਏਸ਼ੀਆ ਅਤੇ ਅਮਰੀਕਾ ਵਿੱਚ ਆਪਣੇ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।

# ਕੈਲਗਰੀ ਦੇ ਨੌਰਥ ਈਸਟ ਵਿੱਚ ਦਿਨ ਦਿਹਾੜੇ ਗੋਲੀਬਾਰੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਕੈਲਗਰੀ ਦੀ ਪੰਜਾਬੀਆਂ ਦੀ ਵੱਡੀ ਵਸੋਂ ਵਾਲੇ ਇਲਾਕੇ ਨੌਰਥ ਈਸਟ ਵਿੱਚ ਦੋ ਗੱਡੀਆਂ ਚੋਂ ਗੋਲੀਆਂ ਚਲਾਈਆਂ ਗਈਆਂ ਜਿਸ ਵਿੱਚ ਇੱਕ ਵਿਅਕਤੀ ਜ਼ਖਮੀ ਹੋਇਆ ਹੈ ਜਿਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਚ ਦਾਖਲ ਕਰਵਾਇਆ ਗਿਆ ਹੈ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਐਤਵਾਰ ਸ਼ਾਮ ਸਾਢੇ ਚਰ ਵਜੇ ਦੇ ਕਰੀਬ ਕੰਟਰੀ ਹਿਲ ਬੁਲੇਵਰਡ ਦੇ ਕੋਲ 38 ਸਟਰੀਟ ਉੱਪਰ ਗੋਲੀਬਾਰੀ ਦੀ ਸੂਚਨਾ ਮਿਲੀ ਸੀ ਅਤੇ ਇਹ ਗੋਲੀਬਾਰੀ ਦੋ ਗੱਡੀਆਂ ਵਿੱਚੋਂ ਇੱਕ ਦੂਜੇ ਵੱਲ ਕੀਤੀ ਗਈ ਸੀ ਮੌਕੇ ਤੇ ਪਹੁੰਚੇ ਪੁਲਿਸ ਨੂੰ ਇੱਕ ਵਿਅਕਤੀ ਗੰਭੀਰ ਜਖਮੀ ਹਾਲਤ ਵਿੱਚ ਮਿਲਿਆ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਸ ਦੌਰਾਨ ਪੁਲਿਸ ਵੱਲੋਂ ਇੱਕ ਗੱਡੀ ਨੂੰ ਰੋਕ ਕੇ ਉਸ ਵਿੱਚੋਂ ਇੱਕ ਸ਼ੱਕੀ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਦਾ ਮੰਨਣਾ ਹੈ ਕਿ ਇਹ ਗੋਲੀਬਾਰੀ ਮਿੱਥਕੇ ਕੀਤੀ ਗਈ ਹੈ ਤੇ ਹੋਰ ਆਮ ਲੋਕਾਂ ਨੂੰ ਇਸ ਤੋਂ ਕੋਈ ਖਤਰਾ ਨਹੀਂ ਹੈ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ

Barinder Ubhi
Realtor
C (204)807-5013
E babbu_ubhi@yahoo.com
WIN MAX REAL ESTATE LTD
10- 998 Keewatin St.
Winnipeg, MB, R2R 2V1
P:(204) 905-9798

Always Fresh
Always Delicious
OPEN
11am - Midnight
ਪਹਿਲੀ ਅਤੇ ਆਖਰੀ ਬਾਈਟ ਦੀ ਤਸੱਲੀ ਦਾ ਨਾਂ ਹੀ ਪੀਜ਼ਾ ਬਾਈਟ ਐ !
Pizza Bite
Perfect place for Perfect taste
Authentic Indian Curry and Sweet House
• Pizza and Indian Food
• Indian Sweets
• Tiffin Service
• Catering
Pizzabite saskatoon
Pizza Bite
www.pizzabite.ca
Call - (306)954-0011 , (306)-954-0077
#2 606 22nd St West Saskatoon , SK.

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant
• Student Visa • Work permit • Visitor Visa • LMIA • PR Application
• Refugee Cases and Appeals • PNP Family Sponsorship • Citizenship • Nanny Caregiver • USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

RANDY SINGH
306.361.7810
REALTOR®, CENTURY 21 Fusion
Residential | Commercial | Farm
Home Buyer & Listing Specialist!
Serving Saskatoon, Warman, Martensville and surrounding area, offering the highest level of expertise and service with integrity.
AWARD WINNING SERVICE
Top 30 Under 30 by Units (C21 Canada 2023)
Not intended to solicit properties currently listed for sale or buyers under contract. Each office is independently owned and operated.
randy.singh@c21.ca | randysinghrealty.com

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ
ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
we are
Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

SHORY LAW LLP
• IMMIGRATION • BUSINESS
• CRIMINAL • REAL ESTATE
www.shorylaw.com (403) 216-1199
220 - 4851 Westwinds Dr. N.E., Calgary
@shorylaw
Chetan Shory Sarvesh Jeet Devinder Shory Jatin Shory




## MODERN SINGLE-FAMILY HOME WITH SPICE KITCHEN & LEGAL BASEMENT SUITE OPTIONS

Starting from Mid $600's Excl. GST.

ਸਾਡੇ ਮਾਡਰਨ ਸਿੰਗਲ ਫੈਮਿਲੀ ਹੋਮਜ਼ ਸਮਕਾਲੀ ਬਾਹਰੀ ਆਰਕੀਟੈਕਚਰ ਪੇਸ਼ ਕਰਦੇ ਹਨ ਜਿਸ ਵਿੱਚ ਡਬਲ ਫਰੰਟ ਗੈਰੇਜ ਅਤੇ ਇੱਕ ਨਿੱਜੀ ਪਰ ਸੱਦਾ ਦੇਣ ਵਾਲਾ ਸਾਹਮਣੇ ਪ੍ਰਵੇਸ਼ ਦੁਆਰ ਹੈ। ਇੱਕ ਬਹੁ-ਪੀੜ੍ਹੀ ਜੀਵਨ ਸ਼ੈਲੀ ਵਾਲਾ ਇਹ ਘਰ ਮੌਰਗੇਜ ਸਹਾਇਕ ਜਾਂ ਪੂਰਕ ਵਜੋਂ ਸੇਵਾ ਕਰਨ ਲਈ ਅਧੂਰੇ ਅਤੇ ਮੁਕੰਮਲ ਕਾਨੂੰਨੀ ਬੇਸਮੈਂਟ ਸੂਟ ਵਿਕਲਪਾਂ ਦੇ ਨਾਲ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ।

ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਮੁੱਖ ਵਿਕਲਪਾਂ 'ਤੇ ਘਰੇਲੂ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਵਿਸ਼ਾਲ ਘਰ ਦਾ ਦਫਤਰ, ਬੋਨਸ ਰੂਮ, ਮਸਾਲਾ ਰਸੋਈ ਅਤੇ ਬੈੱਡਰੂਮ ਵੀ ਉਪਲਬਧ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਟ ਸ਼ਾਮਲ ਕਰੋ।

**ਹੋਰ ਜਾਣਕਾਰੀ ਲਈ ਅੱਜ ਹੀ ਰਜਿਸਟਰ ਕਰੋ!!**


Den


Great room


Walk-in spice kitchen


Kitchen

**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

# ਕੈਲਗਰੀ ਵਿਖੇ ਦੋ ਵੱਖੋ ਵੱਖ ਸਵ: ਪ੍ਰਸ਼ੋਤਮ ਦਾਸ ਭਾਰਦਵਾਜ ਸ਼ਰਧਾਜਲੀ ਸਮਾਗਮ ਹੋਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੇ ਬਾਨੀ ਅਤੇ ਪੰਜਾਬੀ ਭਾਈਚਾਰੇ ਦੀ ਹਰਮਨ ਪਿਆਰੀ ਅਜ਼ੀਮ ਹਸਤੀ, ਪ੍ਰਸ਼ੋਤਮ ਦਾਸ ਭਾਰਦਵਾਜ (ਦਾਸ ਜੀ) ਜੋ ਪਿਛਲੇ ਦਿਨੀਂ 85 ਸਾਲ ਦੀ ਉਮਰ ਭੋਗ ਕੇ ਪ੍ਰਲੋਕ ਸਿਧਾਰ ਗਏ ਸਨ। ਉਨ੍ਹਾਂ ਨੂੰ ਸ਼ਰਧਾਂਜਲੀਆਂ ਦੇਣ ਹਿਤ ਕੈਲਗਰੀ ਵਿਖੇ ਦੋ ਵੱਖ ਵੱਖ ਸਮਾਗਮ ਹੋਏ ,ਪਹਿਲਾ ਸਮਾਗਮ 24 ਫ਼ਰਵਰੀ ਨੂੰ ਵੀਵੋ ਦੇ ਹਾਲ ਵਿੱਚ ਨਾਰਥ ਕੈਲਗਰੀ ਕਲਚਰਲ ਐਸੋਸੀਏਸਨ ਵੱਲੋਂ ਕਰਵਾਇਆ ਗਿਆ ਜਿਸ ਵਿੱਚ ਮੈਂਬਰਾਂ ਤੋਂ ਇਲਾਵਾ ਦਾਸ ਜੀ ਦੀ ਸਪੁੱਤਰੀ, ਉਨ੍ਹਾਂ ਦਾ ਪੋਤਰਾ ਅਤੇ ਦੋਹਤਰਾ ਵੀ ਸ਼ਾਮਿਲ ਹੋਏ। ਚਿੱਠੀ ਨਾ ਕੋਈ ਸੰਦੇਸ਼, ਜਾਨੇ ਵੋਹ ਕੌਨ ਸਾ ਦੇਸ, ਜਹਾਂ ਤੁਮ ਚਲੇ ਗਏ। ਮਾਗਮ ਦੇ ਸ਼ੁਰੂ ਵਿੱਚ ਚਲਾਈ ਗਈ ਇਸ ਗੀਤ ਦੀ ਰਿਕਾਰਡਿੰਗ ਨੇ ਸਭ ਦੀਆਂ ਅੱਖਾਂ ਨਮ ਕਰ ਦਿੱਤੀਆਂ । ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਦਾਸ ਜੀ ਦੁਆਰਾ ਐਸੋਸੀਏਸ਼ਨ ਦੀ ਸਥਾਪਨਾ ਕਰਨ ਤੋਂ ਲੈ ਕੇ ਆਖਰੀ ਸਾਹਾਂ ਤਕ ਪਾਏ ਵਿਲੱਖਣ ਯੋਗਦਾਨ ਨੂੰ ਯਾਦ ਕੀਤਾ। ਜੈਨ ਧਰਮ ਦੇ ਚਾਰ ਸਿਧਾਂਤਾਂ ਦੇ ਹਵਾਲੇ ਨਾਲ਼ ਦਾਸ ਜੀ ਨੂੰ ਉੱਤਮ ਪੁਰਸ਼ ਦਾ ਦਰਜਾ ਦਿੱਤਾ। ਉਨ੍ਹਾਂ ਨੇ ਸੰਕਲਪ ਦੁਹਰਾਇਆ ਕਿ ਐਸੋਸੀਏਸ਼ਨ ਦਾਸ ਜੀ ਦੇ ਪਾਏ ਪੂਰਨਿਆਂ ਨੂੰ ਅੱਗੇ ਵਧਾਏਗੀ। ਲੰਘੇ ਦਿਨ ਸਾਰੇ ਮੈਂਬਰਾਂ ਦੇ ਉਪਰਾਲੇ ਨਾਲ ਗੁਰਦੁਆਰਾ ਸਾਹਿਬ ਸਿੱਖ ਸੋਸਾਇਟੀ ਕੈਲਗਰੀ ਵਿਖੇ ਦਾਸ ਜੀ ਪ੍ਰਤੀ ਅੰਤਿਮ ਅਰਦਾਸ ਕਰਵਾਈ ਗਈ ਸੀ ਅਤੇ ਅਤੁੱਟ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ ਜਿਸ ਲਈ ਪਲਾਹਾ ਜੀ ਨੇ ਇਹ ਪਵਿੱਤਰ ਫ਼ਰਜ਼ ਨਿਭਾਉਣ ਤੇ ਸੰਤੁਸ਼ਟੀ ਪ੍ਰਗਟ ਕੀਤੀ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਭਰੇ ਮਨ ਨਾਲ਼ ਯਾਦਾਂ ਸਾਂਝੀਆਂ ਕੀਤੀਆਂ। ਨਾਲ਼ ਹੀ ਪੰਜਾਬੀ ਸਾਹਿਤ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਵੱਲੋਂ ਭੇਜਿਆ ਗਿਆ ਸ਼ੋਕ-ਸੁਨੇਹਾ ਪੜ੍ਹ ਕੇ ਸੁਣਾਇਆ। ਕਰਮ ਸਿੰਘ ਮੁੰਡੀ, ਹਰਕੰਵਲਜੀਤ ਕੌਰ, ਮੰਜੂ ਅਗਰਵਾਲ਼, ਜਸਵੰਤ ਸਿੰਘ ਕਪੂਰ, ਤਾਰਿਕ ਮਲਿਕ, ਤਰਲੋਕ ਚੁੱਘ, ਮੁਨੱਵਰ ਅਹਿਮਦ, ਹੈਰੀ ਸੇਖੋਂ, ਰਾਜੇਸ਼ ਅੰਗਰਾਲ਼, ਸੁਰਿੰਦਰ ਢਿੱਲੋਂ, ਹਰਿੰਦਰ ਕੌਰ ਮੁੰਡੀ, ਯਾਦਵਿੰਦਰ ਸਿੱਧੂ, ਸੁਖਦੇਵ ਸਿੰਘ ਬੈਂਸ ਅਤੇ ਹੋਰ ਮੈਂਬਰਾਂ ਨੇ ਦਾਸ ਜੀ ਦੀਆਂ ਯਾਦਾਂ ਨਾਲ ਸਾਂਝ ਪੁਆਈ ਅਤੇ ਆਪੋ ਆਪਣੀਆਂ ਭਾਵਨਾਵਾਂ ਦੇ ਪ੍ਰਗਟਾਅ ਨਾਲ਼ ਸ਼ਰਧਾਂਜਲੀਆਂ ਭੇਟ ਕੀਤੀਆਂ। ਜੋਗਾ ਸਿੰਘ ਲੈਹਲ ਨੇ ਦਾਸ ਜੀ ਨੂੰ ਨਿਪੁੰਨ, ਦਾਨੀ ਅਤੇ ਬਹਾਦਰ ਹਸਤੀ ਵੱਜੋਂ ਯਾਦ ਕੀਤਾ। ਡਾ: ਰਾਜਵੰਤ ਕੌਰ ਮਾਨ ਨੇ ਉਨ੍ਹਾਂ ਨੂੰ ਕਰਮਯੋਗੀ , ਪੰਜਾਬੀ ਅਤੇ ਪੰਜਾਬੀਅਤ ਦਾ ਮੁਦੱਈ ਕਰਾਰ ਦਿੱਤਾ। ਦਾਸ ਜੀ ਦੇ ਰੁਖਸਤ ਹੋਣ ਨੂੰ ਇਨ੍ਹਾਂ ਸ਼ਬਦਾਂ ਨਾਲ਼ ਬਿਆਨ ਕੀਤਾ - ਜਿਸ ਧਜ ਸੇ ਕੋਈ ਮਕਤਲ ਮੇਂ ਗਿਆ ਵੋਹ ਸ਼ਾਨ ਸਲਾਮਤ ਰਹਿਤੀ ਹੈ। ਕਰਮ ਸਿੰਘ ਭੁੱਲਰ ਨੇ ਮੌਕੇ ਮੁਤਾਬਕ ਢੁਕਵੇਂ ਕਾਵਿ-ਟੋਟਕੇ ਸੁਣਾ ਕੇ ਸ਼ਰਧਾ-ਸੁਮਨ ਅਰਪਣ ਕੀਤੇ। ਕੈਲਗਰੀ ਲੇਖਕ ਸਭਾ ਦੇ ਪ੍ਰਧਾਨ ਜਸਵੀਰ ਸਿਹੋਤਾ ਨੇ ਸਭਾ ਵੱਲੋਂ ਸ਼ਰਧਾਂਜਲੀ ਦਿੱਤੀ। ਸੁਖਵਿੰਦਰ ਕੌਰ ਸੁੱਖੀ ਨੇ ਦਾਸ ਜੀ ਦੀ ਬਹੁ-ਪੱਖੀ ਸ਼ਖ਼ਸੀਅਤ ਦੀ ਤਾਰੀਫ਼ ਕਰ ਕੇ ਯਾਦਾਂ ਸਾਂਝੀਆਂ ਕੀਤੀਆਂ। ਰੇਡੀ? ਰੈੱਡ ਐਫ ਐਮ ਦੇ ਚੀਫ਼ ਨਿਊਜ਼ ਡਾਇਰੈਕਟਰ ਤੇ ਹੋਸਟ ਰਿਸ਼ੀ ਨਾਗਰ ਨੇ ਦਾਸ ਜੀ ਦੀ ਪਿਤਾ ਵਰਗੀ ਛਵੀ, ਗੱਲ-ਬਾਤ ਦੀ ਮੁਹਾਰਤ, ਦਯਾ ਅਤੇ ਨਿਸ਼ਕਾਮ ਸੇਵਾ ਵਰਗੇ ਗੁਣਾਂ ਦਾ ਭਰਵਾਂ ਜ਼ਿਕਰ ਕੀਤਾ ਅਤੇ ਕਿਹਾ ਕਿ ਇਨ੍ਹਾਂ ਗੁਣਾਂ ਨੂੰ ਧਾਰਨ ਕਰਨਾ ਸੱਚੀ ਸ਼ਰਧਾਂਜਲੀ ਹੋਵੇਗੀ। ਸੁਖਮੰਦਰ ਗਿੱਲ ਨੇ ਸੋਗੀ ਗੀਤ - ਜੱਗ ਵਾਲ਼ਾ ਮੇਲਾ ਯਾਰੋ ਥੋੜੀ ਦੇਰ ਦਾ - ਰਾਹੀਂ ਅਤੇ ਜਗਦੇਵ ਸਿੱਧੂ ਨੇ ਆਪਣੀ ਕਵਿਤਾ ਰਾਹੀਂ ਦਾਸ ਜੀ ਨੂੰ ਸਿਜਦਾ ਕੀਤਾ। ਪ੍ਰਸ਼ੋਤਮ ਦਾਸ ਭਾਰਦਵਾਜ ਦੀ ਸਪੁੱਤਰੀ, ਉਨ੍ਹਾਂ ਦੇ ਪੋਤਰੇ ਅਤੇ ਦੋਹਤਰੇ ਨੇ ਦਾਸ ਜੀ ਪ੍ਰਤੀ ਸੱਚੀਆਂ ਭਾਵਨਾਵਾਂ ਦਾ ਪ੍ਰਗਟਾਅ ਕੀਤਾ। ਅਖੀਰ ਵਿੱਚ ਵਿੱਛੜੀ ਆਤਮਾ ਨੂੰ ਮੋਨ ਧਾਰ ਕੇ ਸ਼ਰਧਾਂਜਲੀ ਦੇਣ ਦੀ ਰਸਮ ਅਦਾ ਕੀਤੀ ਗਈ। ਦੂਸਰਾ ਸਮਾਗਮ ਨਾਰਥ ਕੈਲਗਰੀ ਸੀਨੀਅਰਜ਼ ਸੋਸਾਇਟੀ ਵੱਲੋਂ ਲਿਵਿੰਗਸਟਨ ਕਮਿਊਨਿਟੀ ਸੈਂਟਰ ਦੇ ਹਾਲ ਵਿੱਚ ਹੋਇਆ ਜਿਸ ਦੀ ਪ੍ਰਧਾਨਗੀ ਕੁਲਵੰਤ ਰਾਏ ਸ਼ਰਮਾ, ਕਰਮ ਸਿੰਘ ਭੁੱਲਰ ਅਤੇ ਹਰਜਿੰਦਰ ਸਿੰਘ ਸੈਣੀ ਨੇ ਕੀਤੀ। ਸਾਰੀ ਕਾਰਵਾਈ ਪ੍ਰਸ਼ੋਤਮ ਦਾਸ ਭਾਰਦਵਾਜ ਨੂੰ ਸਮਰਪਿਤ ਕੀਤੀ ਗਈ । ਸ਼ੁਰੂਆਤ ਬੀਬੀ ਗੁਰਵਿੰਦਰ ਕੌਰ ਦੁਆਰਾ ਸ਼ਬਦ ਗਾਇਨ ਨਾਲ਼ ਹੋਈ - ਜਗਤ ਮੇਂ ਝੂਠੀ ਦੇਖੀ ਪ੍ਰੀਤ। ਹਾਜ਼ਰੀਨ ਵੱਲੋਂ ਮੋਨ ਧਾਰ ਕੇ ਵਿੱਛੜੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਗਈ। ਸਭਾ ਦੇ ਸਰਪ੍ਰਸਤ ਕੁਲਵੰਤ ਰਾਏ ਸ਼ਰਮਾ ਨੇ ਆਪਣੇ ਗੂੜ੍ਹੇ ਸਾਥੀ ਭਾਰਦਵਾਜ ਨੂੰ ਮਹਾਂਰਿਸ਼ੀ ਕਹਿ ਕੇ ਯਾਦ ਕੀਤਾ। ਉਨ੍ਹਾਂ ਨੇ ਦੱਸਿਆ ਕਿ ਭਾਰਦਵਾਜ ਦੁਆਰਾ ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਸਥਾਪਨਾ ਤੋਂ ਲੈ ਕੇ ਮੌਜੂਦਾ ਵੱਕਾਰੀ ਸਥਾਨ ਤੇ ਪੁਚਾਉਣ ਤੱਕ ਅਹਿਮ ਯੋਗਦਾਨ ਪਾਇਆ ਗਿਆ। ਸੀਨੀਅਰ ਸੋਸਾਇਟੀ ਦੀ ਸਥਾਪਨਾ ਵੀ ਉਨ੍ਹਾਂ ਦੇ ਅਸ਼ੀਰਵਾਦ ਅਤੇ ਹੌਸਲਾ ਅਫ਼ਜ਼ਾਈ ਨਾਲ਼ ਹੋਈ। ਸਕੱਤਰ ਜਸਪਾਲ ਕੰਗ ਨੇ ਉਨ੍ਹਾਂ ਨੂੰ ਇਮਾਨਦਾਰ, ਨੇਕ ਅਤੇ ਸਫਲ ਇਨਸਾਨ ਵੱਜੋਂ ਯਾਦ ਕੀਤਾ। ਉਪ ਪ੍ਰਧਾਨ ਕਰਮ ਸਿੰਘ ਭੁੱਲਰ ਨੇ ਕਿਹਾ ਕਿ ਭਾਰਦਵਾਜ ਜੀ ਬਹੁਤ ਹਰਮਨ ਪਿਆਰੇ, ਮਿੱਠ-ਬੋਲੜੇ, ਦਯਾਵਾਨ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਵਾਲ਼ੇ ਸ਼ਖ਼ਸ ਸਨ। ਸੁਖਮੰਦਰ ਗਿੱਲ ਅਤੇ ਡਾ: ਸਤਨਾਮ ਸਿੰਘ ਧੋਥੜ ਨੇ ਗੀਤਾਂ ਰਾਹੀਂ ਅਤੇ ਮੁਨੱਵਰ ਅਹਿਮਦ ਨੇ ਮੀਆਂ ਮੁਹੰਮਦ ਬਖ਼ਸ਼ ਦੇ ਦੋਹੜੇ ਸੁਣਾ ਕੇ ਸ਼ਰਧਾਂਜਲੀ ਅਰਪਣ ਕੀਤੀ। ਮੌਂਟਰੀ ਪਾਰਕ ਐਸੋਸੀਏਸ਼ਨ ਵੱਲੋਂ ਸੁਰਜੀਤ ਸਿੰਘ ਹੇਅਰ ਨੇ ਭਾਰਦਵਾਜ ਜੀ ਨਾਲ਼ 46 ਸਾਲ ਦੀ ਸਾਂਝ ਦੀਆਂ ਯਾਦਾਂ ਤਾਜ਼ਾ ਕੀਤੀਆਂ। ਤਰਲੋਕ ਚੁੱਘ ਨੇ ਉਨ੍ਹਾਂ ਨੂੰ ਉੱਤਮ ਪੁਰਸ਼ ਕਹਿਕੇ ਸ਼ਰਧਾਂਜਲੀ ਦਿੱਤੀ। ਯਾਦਵਿੰਦਰ ਸਿੱਧੂ ਨੇ ਉਨ੍ਹਾਂ ਨੂੰ ਲਾਸਾਨੀ ਅਤੇ ਸਤਿਕਾਰਿਤ ਸ਼ਖ਼ਸੀਅਤ ਵੱਜੋਂ ਯਾਦ ਕੀਤਾ। ਬਲਜੀਤ ਸਿੰਘ ਪੰਧੇਰ ਨੇ ਉਨ੍ਹਾਂ ਦੇ ਜੀਵਨ ਤੋਂ ਸਿਖਿਆ ਲੈਣ ਦੀ ਸਲਾਹ ਦਿੱਤੀ। ਰਾਜੇਸ਼ ਅੰਗਰਾਲ ਨੇ ਉਨ੍ਹਾਂ ਨਾਲ਼ ਬਿਤਾਏ ਸਮੇਂ ਅਤੇ ਉਨ੍ਹਾਂ ਤੋਂ ਅਗਵਾਈ ਲੈਣ ਦਾ ਜ਼ਿਕਰ ਕੀਤਾ। ਜਗਦੇਵ ਸਿੱਧੂ ਨੇ ਸ਼ਰਧਾ-ਸੁਮਨ ਭੇਟ ਕਰਦਿਆਂ ਕਿਹਾ ਕਿ ਲੋਕ-ਮਨਾਂ ਵਿਚ ਵੱਸਣ ਵਾਲ਼ੇ ਸਦਾ ਅਮਰ ਰਹਿੰਦੇ ਹਨ।

## ਨਾਮਵਰ ਪੰਜਾਬੀ ਗ਼ਜ਼ਲਕਾਰ ਕ੍ਰਿਸ਼ਨ ਭਨੋਟ ਦੇ ਸਦੀਵੀ ਵਿਛੋੜੇ ਉੱਪਰ ਦੁੱਖ ਦਾ ਪ੍ਰਗਟਾਵਾ



ਸਰੀ, (ਹਰਦਮ ਮਾਨ)ਪੰਜਾਬੀ ਦੇ ਨਾਮਵਰ ਸ਼ਾਇਰ ਕ੍ਰਿਸ਼ਨ ਭਨੋਟ ਦੇ ਅਚਾਨਕ ਸਦੀਵੀ ਵਿਛੋੜੇ ਉੱਪਰ ਪੰਜਾਬੀ ਸਾਹਿਤਕਾਰਾਂ ਵੱਲੋਂ ਡੂੰਘਾ ਦੁੱਖ ਪ੍ਰਗਟ ਕੀਤਾ ਜਾ ਰਿਹਾ ਹੈ। ਵੱਖ ਵੱਖ ਲੇਖਕਾਂ ਵੱਲੋਂ ਸ਼ੋਕ ਮੀਟਿੰਗਾਂ ਕਰ ਕੇ ਮਰਹੂਮ ਸ਼ਾਇਰ ਨੂੰ ਯਾਦ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਕ੍ਰਿਸ਼ਨ ਭਨੋਟ ਲੰਮੇਂ ਸਮੇਂ ਤੋਂ ਸਰੀ (ਕੈਨੇਡਾ) ਵਿਖੇ ਰਹਿ ਰਹੇ ਸਨ। ਉਹ ਸਾਹਿਤ ਸਭਾ ਸਰੀ ਦੇ ਪ੍ਰਧਾਨ ਸਨ ਅਤੇ ਗ਼ਜ਼ਲ ਮੰਚ ਸਰੀ ਦੇ ਮੁੱਢਲੇ ਮੈਂਬਰ ਸਨ। ਦੁਨੀਆਂ ਭਰ ਵਿਚ ਉਨ੍ਹਾਂ ਦੇ ਅਨੇਕਾਂ ਸ਼ਾਗਿਰਦਾਂ ਨੇ ਗ਼ਜ਼ਲ ਅਤੇ ਪਿੰਗਲ-ਅਰੂਜ਼ ਦੀ ਮੁੱਢਲੀ ਸਿੱਖਿਆ ਉਨ੍ਹਾਂ ਤੋਂ ਗ੍ਰਹਿਣ ਕੀਤੀ। ਉਹ ਹਰ ਇਕ ਨਵੇਂ ਗ਼ਜ਼ਲਗੋ ਦੀ ਯੋਗ ਅਗਵਾਈ ਕਰਨ ਵਿਚ ਖੁਸ਼ੀ ਮਹਿਸੂਸ ਕਰਦੇ ਸਨ। ਪਿਛਲੇ ਕੁਝ ਕੁ ਦਿਨਾਂ ਤੋਂ ਬੀਮਾਰ ਸਨ ਅਤੇ ਬੀਤੇ ਦਿਨ ਅਚਾਨਕ ਸਭ ਨੂੰ ਅਲਵਿਦਾ ਕਹਿ ਗਏ।

ਗ਼ਜ਼ਲ ਮੰਚ ਸਰੀ ਦੇ ਬਹੁਤ ਸ਼ਾਇਰ ਇਨ੍ਹਾਂ ਦਿਨਾਂ ਵਿਚ ਪੰਜਾਬ ਆਏ ਹੋਏ ਹਨ। ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ ਦੇ ਵਿਛੋੜੇ ਕਾਰਨ ਉਹ ਦੁੱਖ ਵਿਚ ਹਨ। ਵੱਖ ਵੱਖ ਸ਼ੋਕ ਸੁਨੇਹਿਆਂ ਰਾਹੀਂ ਗ਼ਜ਼ਲ ਮੰਚ ਸਰੀ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਹਰਦਮ ਮਾਨ, ਦਸ਼ਮੇਸ਼ ਗਿੱਲ ਫ਼ਿਰੋਜ਼, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਗੁਰਮੀਤ ਸਿੱਧੂ ਅਤੇ ਬਲਦੇਵ ਸੀਹਰਾ ਨੇ ਮੰਚ ਦੇ ਸਤਿਕਾਰਤ ਮੈਂਬਰ ਅਤੇ ਬਹੁਤ ਹੀ ਨਿੱਘੇ ਦੋਸਤ ਕ੍ਰਿਸ਼ਨ ਭਨੋਟ ਦੇ ਰੁਖ਼ਸਤ ਹੋ ਜਾਣ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ।

ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ (ਅਮਰੀਕਾ) ਦੇ ਪ੍ਰਧਾਨ ਅਤੇ ਉੱਘੇ ਗ਼ਜ਼ਲਗੋ ਕੁਲਵਿੰਦਰ ਅਤੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਵੀ ਕ੍ਰਿਸ਼ਨ ਭਨੋਟ ਦੇ ਅਚਾਨਕ ਚਲੇ ਜਾਣ 'ਤੇ ਦੁੱਖ ਪ੍ਰਗਟ ਕੀਤਾ ਹੈ। ਵੈਨਕੂਵਰ ਵਿਚਾਰ ਮੰਚ ਸਰੀ ਦੇ ਨਾਮਵਰ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਅੰਗਰੇਜ਼ ਬਰਾੜ, ਚਮਕੌਰ ਸਿੰਘ ਸੇਖੋਂ, ਪਰਮਜੀਤ ਸਿੰਘ ਸੇਖੋਂ, ਮੰਗਾ ਬਾਸੀ ਅਤੇ ਨਵਦੀਪ ਗਿੱਲ ਨੇ ਆਪਣੇ ਸ਼ੋਕ ਸੁਨੇਹਿਆਂ ਰਾਹੀਂ ਮਰਹੂਮ ਸ਼ਾਇਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਹਨ।

## ਸੋਗ ਸੁਨੇਹਾ

ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਮਾਤਾ ਜੀ ਸਰਦਾਰਨੀ ਨਸੀਬ ਕੌਰ ਗਿੱਲ (ਪਿੰਡ ਨਵਾਂ ਰਾਮੂੰਵਾਲਾ) ਬੀਤੀ 23 ਫਰਵਰੀ 2025 ਨੂੰ ਅਕਾਲ ਚਲਾਣਾ ਕਰ ਗਏ ਹਨ। ਸਵ: ਨਸੀਬ ਕੌਰ ਗਿੱਲ ਜੀ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ 8 ਮਾਰਚ 2025 ਦਿਨ ਸਨਿੱਚਰਵਾਰ ਨੂੰ ਦੁਪਹਿਰ 2 ਵਜੇ Riverside Funeral Home & Crematorium 7410 Hopcott Rd, Delta (BC) V4G 1B1 ਵਿਖੇ ਹੋਵੇਗਾ। ਅੰਤਿਮ ਸਸਕਾਰ ਦੀਆਂ ਰਸਮਾਂ ਉਪਰੰਤ ਮਾਤਾ ਜੀ ਦੀ ਮ੍ਰਿਤਕ ਦੇਹ ਦੀ ਆਤਮਿਕ ਸਾਂਤੀ ਲਈ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਗੁਰੂਦਵਾਰਾ ਦੁੱਖ ਨਿਵਾਰਨ ਸਾਹਿਬ 15255 68 Ave, Surrey, BC V3S 3L5 ਵਿਖੇ ਪਾਏ ਜਾਣਗੇ ।

ਦੁਖੀ ਹਿਰਦੇ ਨਾਲ
ਸੁਖਜਿੰਦਰ ਕੌਰ ਸਮਰਾ -ਸੁਖਵਿੰਦਰ ਸਿੰਘ ਸਮਰਾ
ਭੁਪਿੰਦਰ ਸਿੰਘ ਗਿੱਲ- ਰਵਦੀਪ ਕੌਰ ਗਿੱਲ
ਜਗਰਾਜ ਸਿੰਘ ਗਿੱਲ-ਰਾਜਦੀਪ ਕੌਰ ਗਿੱਲ
ਜਗਰੂਪ ਸਿੰਘ ਗਿੱਲ-ਕਮਲਜੀਤ ਕੌਰ ਗਿੱਲ



ਸਵ: ਸਰਦਾਰਨੀ ਨਸੀਬ ਕੌਰ ਗਿੱਲ
17 ਅਕਤੂਬਰ 1948-23 ਫਰਵਰੀ 2025

## ਪੁਤਿਨ 'ਤੇ ਯਕੀਨ ਨਹੀਂ ਕੀਤਾ ਜਾ ਸਕਦਾ -ਟਰੂਡੋ

ਲੰਡਨ (ਪੰਜਾਬੀ ਅਖ਼ਬਾਰ ਬਿਊਰੋ ) ਯੂਰਪੀ ਸੰਮੇਲਨ ਵਿੱਚ ਪਹੁੰਚੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਹੈ ਕਿ ਕੈਨੇਡਾ ਵੱਲੋਂ ਯੂਕਰੇਨ ਦੀ ਮੱਦਦ ਜਾਰੀ ਰੱਖੀ ਜਾਵੇਗੀ ਉਹਨਾਂ ਆਖਿਆ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਉੱਪਰ ਯਕੀਨ ਨਹੀਂ ਕੀਤਾ ਜਾ ਸਕਦਾ ਉਹਨਾਂ ਆਖਿਆ ਕਿ ਯੂਕਰੇਨ ਵਿੱਚ ਸ਼ਾਂਤੀ ਸਥਾਪਨਾ ਲਈ ਨਵੇਂ ਫੌਜੀ ਗੱਠ ਜੋੜ ਵਿੱਚ ਕੈਨੇਡਾ ਮੋਹਰੀ ਭੂਮਿਕਾ ਅਦਾ ਕਰੇਗਾ ਉਹਨਾਂ ਪੁਤਿਨ ਨੂੰ ਝੂਠਾ ਅਤੇ ਅਪਰਾਧੀ ਦੱਸਿਆ ਜਿਸ ਦੇ ਸ਼ਬਦਾਂ ਉੱਪਰ ਯਕੀਨ ਨਹੀਂ ਕੀਤਾ ਜਾ ਸਕਦਾ ਉਨਾਂ ਆਖਿਆ ਕਿ ਪੁਤਿਨ ਵੱਲੋਂ ਕਈ ਵਾਰ ਕੀਤੇ ਗਏ ਸਮਝੌਤਿਆਂ ਨੂੰ ਤੋੜਿਆ ਜਾ ਚੁੱਕਾ ਹੈ ਜਸਟਿਨ ਟਰੂਡੋ ਲੰਡਨ ਵਿੱਚ ਸਥਿਤ ਕੈਨੇਡੀਅਨ ਹਾਈ ਕਮਿਸ਼ਨ 'ਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਇਹ ਵਿਚਾਰ ਪ੍ਰਗਟ ਕਰ ਰਹੇ ਸਨ

## ਐਡਮਿੰਟਨ ਵਿਖੇ ਮਾਂ ਬੋਲੀ ਪੰਜਾਬੀ ਦਿਹਾੜਾ ਮਨਾਇਆ ਗਿਆ




ਐਡਮਿੰਟਨ ( ਪੰਜਾਬੀ ਅਖ਼ਬਾਰ ਬਿਊਰੋ) ਮਿੱਲਵੁਡ ਕਲਚਰਲ ਸੁਸਾਇਟੀ ਐਡਮਿੰਟਨ ਵਿਖੇ ਬੀਤੀ 21 ਫ਼ਰਵਰੀ ਨੂੰ ਵਿਸ਼ਵ ਮਾਂ ਬੋਲੀ ਦਿਵਸ ਮਨਾਇਆ ਗਿਆ । ਸੰਸਥਾ ਦੇ ਸਾਬਕਾ ਪ੍ਰਧਾਨ ਸ਼੍ਰੀ ਸੁਦਾਗਰ ਸਿੰਘ ਜੀ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਜੇ ਮਾਂ ਬੋਲੀ ਭੁੱਲ ਜਾਂਵਾਂਗੇ, ਕੱਖਾਂ ਵਾਂਗੂੰ ਰੁਲ ਜਾਵਾਂਗੇ । ਉਨ੍ਹਾਂ ਕਿਹਾ ਕਿ ਬਾਲ ਰੋਗਾਂ ਦੀ ਮਾਹਿਰ ਡਾਕਟਰ ਹਰਸ਼ਿੰਦਰ ਕੌਰ ਕਹਿੰਦੀ ਕਿ ਬੱਚਾ ਮਾਂ ਦੇ ਗਰਭ ਵਿੱਚ ਹੀ ਮਾਂ ਦੀ ਆਵਾਜ਼ ਨੂੰ ਪਹਿਚਾਨਣ ਲੱਗ ਪੈਂਦਾ ਹੈ। ਪੈਦਾ ਹੋਣ ਤੇ ਮਾਂ ਬੱਚੇ ਨੂੰ ਗੋਦੀ ਵਿੱਚ ਲੋਰੀਆਂ ਦੇ ਕੇ ਸੁਆਉਂਦੀ ਹੈ । ਮਾਹਿਰਾਂ ਮੁਤਾਬਿਕ ਬੱਚੇ ਨੂੰ ਮੁੱਢਲੀ ਸਿੱਖਿਆ 3,4 ਸਾਲ ਤੱਕ ਮਾਂ ਬੋਲੀ ਵਿੱਚ ਦਿੱਤੀ ਜਾਣੀ ਚਾਹੀਦੀ ਹੈ । ਇਸ ਮੌਕੇ ਸੰਸਥਾ ਦੇ ਸੈਕਟਰੀ ਸ਼੍ਰੀ ਗੁਰਬਖ਼ਸ਼ ਸਿੰਘ ਬੈਂਸ ਨੇ ਦੱਸਿਆ ਕਿ ਦੁਨੀਆਂ ਭਰ ਵਿੱਚ 6800 ਬੋਲੀਆਂ ਪ੍ਰਚਲਿਤ ਹਨ,ਹਰ ਪੰਦਰਾਂ ਦਿਨਾਂ ਬਾਅਦ ਇੱਕ ਬੋਲੀ ਖ਼ਤਮ ਹੋ ਰਹੀ ਹੈ। ਵਿਸ਼ਵੀਕਰਣ ਦੇ ਪ੍ਰਭਾਵ ਨਾਲ ਬੋਲੀ ਬੋਲਣ ਵਾਲਿਆਂ ਦਾ ਖ਼ਤਮ ਹੋਣਾ ਜਾਂ ਆਪਣੀ ਬੋਲੀ ਛੱਡ ਕੇ ਦੂਜੀ ਬੋਲੀ ਅਪਣਾ ਲੈਣਾ ਹੈ । ਸਤੀਸ਼ ਸਚਦੇਵਾ ਨੇ ਦੱਸਿਆ ਦੁਨੀਆਂ ਭਰ ਵਿੱਚ ਪੰਜਾਬੀ ਬੋਲਣ ਵਾਲਿਆਂ ਬੰਦਿਆਂ ਦਾ ਜੋੜ ਇਸ ਵੇਲੇ 21 ਕਰੋੜ ਤੋਂ ਉੱਪਰ ਹੈ । ਇੰਗਲੈਂਡ ਵਿੱਚ ਪੰਜਾਬੀ ਭਾਸ਼ਾ ਦੂਜੇ ਨੰਬਰ ਉੱਪਰ ਹੈ । ਕੈਨੇਡਾ ਵਿੱਚ ਪੰਜਵੇਂ ਨੰਬਰ 'ਤੇ ਹੈ । ਪੰਜਾਬੀ ਭਾਸ਼ਾ ਇੱਕ ਅਮੀਰ ਭਾਸ਼ਾ ਹੈ । ਜਿਸਨੂੰ ਸੂਫ਼ੀ ਸੰਤਾਂ, ਪੀਰਾਂ, ਫ਼ਕੀਰਾਂ ,ਬਾਬਾ ਫ਼ਰੀਦ ਤੋਂ ਲੈ ਕੇ ਸਿੱਖ ਗੁਰੂ ਸਾਹਿਬਾਨਾਂ ਤੱਕ ਰਚੀ ਬਾਣੀ ਸਦਕਾ ਵਧਣ, ਫੁੱਲਣ ,ਵਿਗਸਣ ਦਾ ਮਾਣ ਹਾਸਿਲ ਹੈ । ਪੰਜਾਬੀ ਭਾਸ਼ਾ ਨੂੰ ਉਸਦੇ ਸੂਰਬੀਰ, ਯੋਧੇ,ਆਸ਼ਿਕ, ਭਗਤ ਤੇ ਪੰਜਾਬੀ ਦੇ ਪਿਆਰੇ ਹਮੇਸ਼ਾ ਬੁਲੰਦ ਰੱਖਣਗੇ । ਭਾਰਤ ਦੇ ਵਿੱਚੋਂ 427 ਦੇ ਕਰੀਬ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ । ਪੰਜਾਬੀ ਸੰਸਾਰ ਦੀ ਦਸਵੀਂ ਭਾਸ਼ਾ ਵਿਚ ਸ਼ਾਮਿਲ ਹੋ ਚੁੱਕੀ ਹੈ । ਆ? ਇਸ ਦਿਨ ਤੇ ਅਸੀਂ ਸਾਰੇ ਰਲ ਕੇ ਪ੍ਰਣ ਕਰੀਏ ਕਿ ਮਾਂ ਬੋਲੀ ਦੇ ਪਸਾਰੇ, ਵਧਾਰੇ ਲਈ ਸਿਰਤੋੜ ਯਤਨ ਕਰਾਂਗੇ । ਇਸ ਮੌਕੇ ਕਿਸ਼ਨ ਜੌਨੂ, ਮੁਖਤਾਰ ਪੰਨੂ, ਕੁਲਵੰਤ ਸਿੰਘ ਕਾਲਰਾ, ਸ਼੍ਰੀ ਮਨਮੋਹਨ ਸਿੰਘ ਪ੍ਰਮਾਰ ਅਤੇ ਸੰਸਥਾ ਦੇ ਹੋਰ ਮੈਂਬਰ ਹਾਜ਼ਰ ਸਨ ।









# ਯੂਨੀਵਰਸਿਟੀ ਕਾਲਜ ਜੈਤੋ ਵਿਖੇ ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ ਮੌਕੇ ਅਹਿਮ ਵਿਚਾਰ-ਚਰਚਾ ਹੋਈ





ਜੈਤੋ (ਪੰਜਾਬੀ ਅਖ਼ਬਾਰ ਬਿਊਰੋ) 'ਪੰਜਾਬੀ ਮਾਂ ਬੋਲੀ ਅਜੋਕੇ ਦੌਰ ਵਿਚ ਰੁਜ਼ਗਾਰ ਦੀ ਭਾਸ਼ਾ ਕਿਵੇਂ ਬਣੇ ਇਹ ਸੋਚਣ ਦੀ ਪ੍ਰਮੁੱਖ ਲੋੜ ਹੈ। ਪੰਜਾਬੀ ਭਾਸ਼ਾ ਦੇ ਜ਼ਰੀਏ ਸਿਰਫ਼ ਰੋਟੀ ਹੀ ਨਹੀਂ ਬਲਕਿ ਚੋਪੜੀ ਰੋਟੀ ਵੀ ਖਾਧੀ ਜਾ ਸਕਦੀ ਹੈ।' ਇੰਨ੍ਹਾਂ ਵਿੱਚਾਰਾਂ ਦਾ ਪ੍ਰਗਟਾਵਾ ਯੂਨੀਵਰਸਿਟੀ ਕਾਲਜ ਜੈਤੋ ਦੇ ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਸਬੰਧੀ ਕਰਵਾਏ ਸਮਾਗਮ ਵਿਚ ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੁੰਦਿਆਂ ਕੈਨੇਡਾ ਦੇ ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ ਨੇ ਕੀਤਾ। ਆਪਣੇ ਕੈਲਗਰੀ (ਕੈਨੇਡਾ) ਦੇ 30 ਸਾਲਾਂ ਦੇ ਤਜਰਬੇ ਸਾਂਝੇ ਕਰਦਿਆਂ ਉਨ੍ਹਾਂ ਦੱਸਿਆ ਕਿ ਉਹ 2010 ਤੋਂ ਕੈਨੇਡਾ ਵਰਗੇ ਮੁਲਕ ਵਿਚ 'ਪੰਜਾਬੀ ਅਖ਼ਬਾਰ' ਪ੍ਰਕਾਸ਼ਤ ਕਰਕੇ ਬਹੁਤ ਵਧੀਆ ਉਜਰਤ ਕਮਾ ਰਹੇ ਹਨ ਅਤੇ ਪੂਰਾ ਸਮਾਂ ਪੰਜਾਬੀ ਅਖ਼ਬਾਰ ਲਈ ਸਮਰਪਿਤ ਰਹਿੰਦੇ ਹਨ। ਇਸ ਤੋਂ ਇਲਾਵਾ ਟੀ ਵੀ ਰਿਪੋਰਟਰ ਵੱਜੋਂ ਆਪਣੀ ਨਿਯੁਕਤੀ ਬਾਰੇ ਜ਼ਿਕਰ ਕਰਦਿਆਂ ਉਨ੍ਹਾਂ ਵੇਰਵਾ ਦਿੱਤਾ ਕਿ ਬੇਸ਼ਕ ਉਹ ਸਧਾਰਣ ਪੜ੍ਹੇ ਹੋਣ ਕਰਕੇ ਅੰਗਰੇਜ਼ੀ ਭਾਸ਼ਾ ਦੀ ਘੱਟ ਮੁਹਾਰਤ ਰੱਖਦੇ ਸਨ ਪਰ ਉਨ੍ਹਾਂ ਨੇ ਆਪਣੇ ਮੀਡੀਆ ਸਬੰਧੀ ਹੁਨਰਾਂ ਵਿਚ ਪਰਪੱਕਤਾ ਹੋਣ ਕਾਰਨ ਪੰਜਾਬੀ ਭਾਸ਼ਾ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਿਚ ਕਾਮਯਾਬੀ ਹਾਸਲ ਕੀਤੀ ਅਤੇ ਲੋਕਾਂ ਦਾ ਪਿਆਰ ਜਿੱਤਿਆ।



ਯੂਨੀਵਰਸਿਟੀ ਕਾਲਜ ਜੈਤੋ ਵਿਖੇ 'ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ' ਮੌਕੇ ਮਹਿਮਾਨਾਂ ਦਾ ਸਨਮਾਨ ਕਰਦੇ ਹੋਏ ਕਾਲਜ ਦੇ ਪ੍ਰਬੰਧਕੀ ਟੀਮ ਮੈਂਬਰ

ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਹਰਬੰਸ ਬੁੱਟਰ ਤੋਂ ਇਲਾਵਾ ਵਿਸ਼ੇਸ਼ ਮਹਿਮਾਨ ਵੱਜੋਂ ਪੀ ਐਨ - ਮੀਡੀਆ ਗਰੁੱਪ ਦੇ ਮੁੱਖ ਸੰਪਾਦਕ ਸੁਖਨੈਬ ਸਿੰਘ ਸਿੱਧੂ, ਰਣਬੀਰ ਸਿੰਘ ਖੀਵਾ ਮਾਹੀ ਦੁਬੱਈ ਤੇ ਹਰਜਿੰਦਰ ਸਿੰਘ ਸਮਰਾ, ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਡਾ: ਪਰਮਿੰਦਰ ਸਿੰਘ ਤੱਗੜ, ਕਾਮਰਸ ਵਿਭਾਗ ਦੇ ਮੁਖੀ ਪ੍ਰੋ: ਸ਼ਿਲਪਾ ਕਾਂਸਲ, ਲਾਇਬ੍ਰੇਰੀਅਨ ਮੀਨਾਕਸ਼ੀ ਜੋਸ਼ੀ, ਪ੍ਰੋ: ਰੁਪਿੰਦਰਪਾਲ ਸਿੰਘ ਧਰਮਸੋਤ, ਡਾ: ਗੁਰਬਿੰਦਰ ਕੌਰ ਬਰਾੜ, ਡਾ: ਹਲਵਿੰਦਰ ਸਿੰਘ, ਪ੍ਰੋ: ਗੁਰਜੀਤ ਕੌਰ ਅਤੇ ਸੁਮਨ ਸ਼ਾਮਿਲ ਸਨ। ਮਹਿਮਾਨਾਂ ਬਾਰੇ ਜਾਣ ਪਛਾਣ ਕਰਾਉਂਦਿਆਂ ਕਾਲਜ ਦੇ ਸੀਨੀਅਰ ਮੋਸਟ ਪ੍ਰੋਫ਼ੈਸਰ ਡਾ: ਪਰਮਿੰਦਰ ਸਿੰਘ ਤੱਗੜ ਨੇ ਮਾਤ ਭਾਸ਼ਾ ਦਿਵਸ ਦਾ ਇਤਿਹਾਸ ਬਿਆਨ ਕੀਤਾ। ਉਨ੍ਹਾਂ ਦੱਸਿਆ ਕਿ 1952 ਦੇ ਭਾਸ਼ਾਈ ਅੰਦੋਲਨ, ਜਿਹੜਾ ਕਿ 1947 ਦੀ ਵੰਡ ਬਾਅਦ ਪਾਕਿਸਤਾਨ ਦੇ ਹਿੱਸੇ ਆਏ ਬੰਗਲਾ ਸੂਬੇ ਦੇ ਵਿਦਿਆਰਥੀਆਂ ਅਤੇ ਆਮ ਲੋਕਾਂ ਨੇ ਬੰਗਲਾ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਲਈ ਆਰੰਭ ਕੀਤਾ ਗਿਆ ਸੀ ਜਿਸ ਨੂੰ ਪਾਕਿਸਤਾਨ ਦੀ ਸਰਕਾਰ ਨੇ ਗੋਲ਼ੀ ਚਲਾ ਕੇ ਦਬਾਉਣ ਦੀ ਕੋਸ਼ਿਸ਼ ਕੀਤੀ ਅਤੇ ਕਈ ਵਿਦਿਆਰਥੀ ਗੋਲ਼ੀਆਂ ਲੱਗਣ ਨਾਲ ਸ਼ਹਾਦਤ ਪ੍ਰਾਪਤ ਕਰ ਗਏ। ਜਦੋਂ 1971 ਵਿੱਚ ਬੰਗਲਾ ਸੂਬਾ ਇੱਕ ਵੱਖਰੇ ਦੇਸ਼ ਵੱਜੋਂ ਆਜ਼ਾਦ ਹੋ ਗਿਆ ਤਾਂ ਉਨ੍ਹਾਂ ਨੇ ਯੂਨੈਸਕੋ ਨੂੰ ਬੇਨਤੀ ਕੀਤੀ ਕਿ ਭਾਸ਼ਾ ਨੂੰ ਬਚਾਉਣ ਲਈ ਕੀਤੀ ਜਦੋ-ਜਹਿਦ ਲਈ ਜਾਨਾਂ ਵਾਰ ਗਏ ਵਿਦਿਆਰਥੀਆਂ ਨੂੰ ਨਮਨ ਵੱਜੋਂ 'ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ' ਮਨਾਉਣ ਲਈ ਦਿਨ ਨਿਸ਼ਚਤ ਕੀਤਾ ਜਾਵੇ। ਇੰਞ 1999 ਵਿੱਚ ਯੂਨੈਸਕੋ ਨੇ 21 ਫ਼ਰਵਰੀ ਦਾ ਦਿਨ ਅੰਤਰਰਾਸ਼ਟਰੀ ਮਾਤਾ ਭਾਸ਼ਾ ਦਿਵਸ ਵੱਜੋਂ ਸਥਾਪਤ ਕੀਤਾ ਤੇ ਪਹਿਲੀ ਵਾਰ 21 ਫ਼ਰਵਰੀ 2000 ਤੋਂ ਹਰ ਸਾਲ ਇਸ ਦਿਨ ਨੂੰ ਸਾਰੇ ਦੇਸ਼ਾਂ ਵਿੱਚ ਮਨਾਉਣ ਦਾ ਸਿਲਸਿਲਾ ਜਾਰੀ ਹੈ।

ਸੁਖਨੈਬ ਸਿੰਘ ਸਿੱਧੂ ਨੇ ਬਠਿੰਡਾ ਜ਼ਿਲ੍ਹੇ ਦੇ ਆਪਣੇ ਪਿੰਡ ਪੂਹਲਾ ਤੋਂ ਆਪਣੇ ਆਨ-ਲਾਈਨ ਮੀਡੀਆ ਕਾਰੋਬਾਰ ਚਲਾਉਣ ਸਬੰਧੀ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦਿਆਂ ਜੋ ਮਾਣ ਅਤੇ ਇੱਜ਼ਤ ਦੇਸ਼ ਵਿਦੇਸ਼ ਤੋਂ ਮਿਲ ਰਹੀ ਹੈ ਉਸ ਦੇ ਨਾਲ਼-ਨਾਲ਼ ਘਰ ਬੈਠੇ ਪੰਜਾਬੀ ਭਾਸ਼ਾ ਦੇ ਸਿਰੋਂ ਚੋਖ਼ੀ ਕਮਾਈ ਵੀ ਹੋ ਰਹੀ ਹੈ। ਜਿੰਨਾ ਅਸੀਂ ਪੰਜਾਬੀ ਭਾਸ਼ਾ ਨੂੰ ਰੁਜ਼ਗਾਰ ਵਿੱਚ ਵਰਤਾਂਗੇ -ਨਾ ਹੀ ਸਾਡੀ ਮਾਂ ਬੋਲੀ ਦਾ ਘੇਰਾ ਵਿਸ਼ਾਲ ਹੋਵੇਗਾ ਅਤੇ ਭਾਸ਼ਾ ਦੀ ਉਮਰ ਹੋਰ ਲੰਮੇਰੀ ਹੁੰਦੀ ਚਲੀ ਜਾਵੇਗੀ। ਇਸ ਮੌਕੇ ਵਿਦਿਆਰਣ ਰੂਪ ਗਿੱਲ ਦਾ ਗਾਇਆ ਗੀਤ 'ਗੁਰਮੁਖ਼ੀ ਦਾ ਬੇਟਾ' ਚੋਣ ਅਤੇ ਗਾਇਨ ਪੱਖੋਂ ਬਹੁਤ ਪਸੰਦ ਕੀਤਾ ਗਿਆ। ਮੰਚ ਸੰਚਾਲਨ ਪ੍ਰੋ: ਰੁਪਿੰਦਰਪਾਲ ਸਿੰਘ ਧਰਮਸੋਤ ਨੇ ਮਾਂ ਬੋਲੀ ਬਾਰੇ ਆਪਣੇ ਵਿੱਚਾਰ ਪੇਸ਼ ਕਰਦਿਆਂ ਬਾਖ਼ੂਬੀ ਨਿਭਾਇਆ। ਧੰਨਵਾਦ ਦੀ ਰਸਮ ਡਾ: ਹਲਵਿੰਦਰ ਸਿੰਘ ਨੇ ਅਦਾ ਕੀਤੀ। ਸਮਾਗਮ ਵਿੱਚ ਐਮ ਏ ਪੰਜਾਬੀ ਦੇ ਵਿਦਿਆਰਥੀਆਂ ਤੋਂ ਇਲਾਵਾ ਬੀ ਏ, ਬੀ ਐਸ ਸੀ।, ਬੀ ਕਾਮ ਅਤੇ ਬੀ ਸੀ ਏ ਦੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਕੌਮੀ ਸੇਵਾ ਯੋਜਨਾ ਦੇ ਵਲੰਟੀਅਰਾਂ ਵੱਲੋਂ ਖ਼ੂਬਸੂਰਤ ਲਿਖ਼ਾਈ ਵਿੱਚ ਮਾਤ ਭਾਸ਼ਾ ਚੇਤਨਾ ਨਾਲ ਸਬੰਧਤ ਪੋਸਟਰ ਵੀ ਬਣਾ ਕੇ ਪ੍ਰਦਰਸ਼ਤ ਕੀਤੇ ਗਏ।

# ਕੈਲਗਰੀ ਲੇਖਕ ਸਭਾ ਦੀ ਮਿਲਣੀ ਦੌਰਾਨ ਲੇਖਕਾਂ ਆਪੋ ਆਪਣੀਆਂ ਰਚਨਾਵਾਂ ਅਤੇ ਵਿਚਾਰ ਸਾਂਝੇ ਕੀਤੇ






ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਲੇਖਕ ਸਭਾ ਦੀ ਮਾਰਚ ਮਹੀਨੇ ਦੀ ਮੀਟਿੰਗ ਮਾਰਚ ਮਹੀਨੇ ਦੇ ਵਿਸ਼ੇਸ਼ ਦਿਵਸ, ਅੰਤਰ-ਰਾਸ਼ਟਰੀ ਮਹਿਲਾ ਦਿਵਸ ਅਤੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਤੇ ਭਰਵੀਂ ਵਿਚਾਰ-ਚਰਚਾ ਤੇ ਗੀਤਾਂ-ਕਵਿਤਾਵਾਂ ਨਾਲ ਸੰਪਨ ਹੋਈ। ਗੁਰਚਰਨ ਕੌਰ ਥਿੰਦ ਨੇ ਕਿਹਾ ਕਿ 8 ਮਾਰਚ ਨੂੰ ਮਨਾਏ ਜਾਣ ਵਾਲੇ ਅੰਤਰ-ਰਾਸ਼ਟਰੀ ਮਹਿਲਾ ਦਿਵਸ ਦਾ ਸਬੰਧ ਔਰਤਾਂ ਦੁਆਰਾ ਵੱਖ ਵੱਖ ਸਮੇਂ ਆਪਣੀ ਅਜ਼ਾਦ ਹੋਂਦ ਤੇ ਹੱਕਾਂ ਲਈ ਕੀਤੀ ਗਈ ਲੰਮੀ ਜਦੋਜਹਿਦ ਦਾ ਨਤੀਜਾ ਹੈ। 23 ਮਾਰਚ ਉਹ ਦਿਹਾੜਾ ਹੈ ਜਦੋਂ ਸੰਨ 1931 ਵਿਚ ਅਜ਼ਾਦੀ ਦੇ ਪ੍ਰਵਾਨਿਆਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੇ ਫਾਂਸੀ ਦਾ ਰੱਸਾ ਚੁੰਮਿਆ ਸੀ। ਭਗਤ ਸਿੰਘ ਸਭ ਤੋਂ ਛੋਟੀ ਉਮਰ ਦਾ ਜ਼ਹੀਨ ਨੌਜੁਆਨ ਸੀ ਜੋ ਅਸੈਂਬਲੀ ਵਿਚ ਬੰਬ ਸੁੱਟ ਕੇ ਅਜ਼ਾਦੀ ਦੀ ਅਵਾਜ਼ ਬੁਲੰਦ ਕਰਨ ਦੀ ਹਿੰਮਤ ਰਖਦਾ ਹੈ। ਉਹ ਭੱਜਦਾ ਨਹੀਂ ਬਲਕਿ ਫੜੇ ਜਾਣ ਲਈ ਲਲਕਾਰਦਾ ਹੈ। ਜਸਵੰਤ ਸਿੰਘ ਅਗਿਆਨੀ ਨੇ ਕਿਹਾ ਕਿ ਸਿੱਖ ਧਰਮ ਵਿੱਚ ਗੁਰੂ ਸਾਹਿਬਾਨ ਨੇ ਔਰਤ ਨੂੰ ਸਤਿਕਾਰਤ ਦਰਜਾ ਦਿੱਤਾ ਹੈ ਪਰ ਉਸ ਉਪਰ ਅਮਲ ਨਹੀਂ ਹੁੰਦਾ। ਰੁਪਿੰਦਰ ਥਰਾਜ ਨੇ ਸਮਾਜਿਕ ਪ੍ਰਸਿਥਤੀਆਂ ਦੇ ਹਵਾਲੇ ਨਾਲ ਕਿਹਾ ਕਿ ਔਰਤ ਕੇਵਲ ਬਾਪ ਦੀ ਬੁੱਕਲ ਵਿੱਚ ਸੇਫ਼ ਹੈ। ਇੰਜ: ਜੀਰ ਸਿੰਘ ਬਰਾੜ ਨੇ ਬੱਚੀਆਂ ਨੂੰ ਫੁੱਲਾਂ ਤੇ ਪੰਖੜੀਆਂ ਨਾਲ ਤਰਜੀਹ ਦਿੱਤੀ ਅਤੇ ਭਗਤ ਸਿੰਘ ਦੀ ਦੇਸ਼ ਦੀ ਅਜ਼ਾਦੀ ਲਈ ਕੀਤੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ। ਮਨਮੋਹਨ ਸਿੰਘ ਬਾਠ ਨੇ ਕਿਹਾ ਕਿ ਔਰਤ ਨੂੰ ਸਤਿਕਾਰ ਨਾ ਮਿਲਣਾ ਸਾਡੀ ਸਮਾਜਿਕ ਗਿਰਾਵਟ ਹੈ। ਅਸੀਂ ਸ਼ਹੀਦਾਂ ਬਾਰੇ ਗੱਲਾਂ ਕਰਦੇ ਹਾਂ ਪਰ ਉਨ੍ਹਾਂ ਨੂੰ ਫਾਲੋ ਨਹੀਂ ਕਰਦੇ। ਗੁਰਦੀਸ਼ ਗਰੇਵਾਲ ਨੇ ਕਈ ਥਾਵਾਂ ਤੇ ਔਰਤਾਂ ਦੁਆਰਾ ਆਪਣੇ ਫ਼ਰਜ਼ ਭੁੱਲ ਜਾਣ ਦੀ ਗੱਲ ਵੀ ਆਖੀ ਅਤੇ ਕਿਹਾ ਕਿ ਦਿਵਸਾਂ ਦਾ ਬਜ਼ਾਰੀਕਰਨ ਹੋ ਗਿਆ ਹੈ, ਇਹ ਦੁਕਾਨਦਾਰਾਂ ਦੇ ਵਿਕਰੀ ਵਧਾਉਣ ਵਾਲੇ ਦਿਨ ਬਣ ਗਏ ਹਨ। ਉਨ੍ਹਾਂ 'ਮੈਂ ਔਰਤ ਹਾਂ ਔਰਤ ਹੀ ਰਹਾਂਗੀ, ਮੈਂ ਤੇਰੇ ਪਿੱਛੇ ਨਹੀਂ ਕਦਮਾਂ ਦੇ ਬਰਾਬਰ ਕਦਮ ਧਰਾਂਗੀ' ਆਪਣੀ ਰਚਨਾ ਸਾਂਝੀ ਕੀਤੀ। ਤੇਜਾ ਸਿੰਘ ਪ੍ਰੇਮੀ ਨੇ ਕਿਹਾ ਕਿ ਭਗਤ ਸਿੰਘ ਨੂੰ ਆਤੰਕਵਾਦੀ ਵੀ ਕਿਹਾ ਗਿਆ, ਪਰ ਉਹ ਇੱਕ ਗਿਆਨਵਾਨ ਨੌਜੁਆਨ ਸੀ ਜਿਸਨੇ ਆਪਣੀ ਛੋਟੀ ਉਮਰ ਵਿੱਚ ਢੇਰ ਕਿਤਾਬਾਂ ਦਾ ਅਧਿਐਨ ਕੀਤਾ। ਸਭਾ ਵਿੱਚ ਪਹਿਲੀ ਵਾਰ ਆਈ ਮਨਿੰਦਰ ਕੌਰ ਨੇ ਕਿਹਾ ਕਿ ਮੇਰੀ ਨਿੱਡਰ ਮਾਂ ਦੀ ਨਿੱਡਰਤਾ ਨੇ ਮੈਨੂੰ ਨਿੱਡਰ ਬਣਾਇਆ, ਮੈਨੂੰ ਕਦੇ ਫੀਲ ਨਹੀਂ ਹੋਇਆ ਕਿ ਮੈਂ ਇੱਕ ਔਰਤ ਆਂ। ਸਰਬਜੀਤ ਉਪਲ ਨੇ ਧੀ ਜੰਮੇ ਤੇ ਵਧਾਈ ਦੇਣ ਅਤੇ ਵਧਾਈ ਕਬੂਲ ਕਰਨ ਦੀ ਪ੍ਰੰਪਰਾ ਨੂੰ ਉਤਸ਼ਾਹਿਤ ਕਰਨ ਦੀ ਤਾਕੀਦ ਕੀਤੀ।

ਜਗਦੇਵ ਸਿੰਘ ਸਿੱਧੂ ਨੇ ਕੈਲਗਰੀ ਯੂਨੀਵਰਸਿਟੀ ਵਲੋਂ ਇੰਡਿਜਨਸ ਕਲਾਕਾਰਾਂ ਲਈ ਆਯੋਜਿਤ ਕੀਤੇ ਪ੍ਰੋਗਰਾਮਾਂ ਵਿਚ ਸ਼ਿਰਕਤ ਕਰਨ ਦੇ ਆਪਣੇ ਅਨੁਭਵਾਂ ਬਾਰੇ ਦੱਸਿਆ ਅਤੇ ਕਿਹਾ ਕਿ ਪੰਜਾਬੀ ਨੂੰ ਵੀ ਨਵੀਂ ਟੈਕਨੌਲੋਜੀ ਦੇ ਹਾਣ ਦੀ ਬਣਾਉਣਾ ਵਕਤ ਦੀ ਲੋੜ ਹੈ। ਸੁਰਿੰਦਰ ਸਿੰਘ ਢਿਲੋਂ,ਸਰਦੂਲ ਸਿੰਘ ਲੱਖਾ ,ਜੋਗਾ ਸਿੰਘ ਸਿਹੋਤਾ,ਸੁਖਵਿੰਦਰ ਸਿੰਘ ਥਿੰਦ,ਜਸਵੰਤ ਸਿੰਘ ਕਪੂਰ,ਨੇ ਵੀ ਮੰਚ ਉਪਰੋਂ ਹਾਜਿਰੀ ਲਗਵਾਈ।

ਪ੍ਰਧਾਨ ਜਸਵੀਰ ਸਿੰਘ ਸਿਹੋਤਾ ਜੀ ਨੇ ਅੱਜ ਦੇ ਮਿਲਣੀ ਮੌਕੇ ਵਿਚਾਰ-ਚਰਚਾ, ਗੀਤਾਂ ਤੇ ਕਵਿਤਾਵਾਂ ਰਾਹੀਂ ਪਾਏ ਗਏ ਵੱਡਮੁੱਲੇ ਯੋਗਦਾਨ ਦੀ ਸ਼ਲਾਘਾ ਕੀਤੀ।

ਉਨ੍ਹਾਂ ਆਪਣੀ ਰਚਨਾ 'ਤੈਨੂੰ ਲੋੜ ਨਹੀਂ ਜੱਸ ਖੱਟਣ ਦੀ, ਗਰਜਾਂ ਮਾਰੇ ਲੋਕ ਨੇ ਸਾਰੇ ਤੈਨੂੰ ਲੋੜ ਨਹੀਂ ਤਲ਼ੀਆਂ ਚੱਟਣ ਦੀ' ਸਾਂਝੀ ਕੀਤੀ। ਸਭਾ ਦੇ ਐਕਟਿਵ ਮੈਂਬਰ ਸਤਿਕਾਰ ਯੋਗ ਬਲਵਿੰਦਰ ਕੌਰ ਬਰਾੜ ਜੀ ਦੇ ਛੋਟੇ ਭਰਾ ਦੀ ਅਚਾਨਕ ਹੋਈ ਮੌਤ ਤੇ ਸਭਾ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।












## ਸੰਪਾਦਕੀ



ਭਰੋਸਾ ਨੇਤ਼ਤਾ ਦਾ ਸਬੱਬ ਬਣਦਾ ਹੈ।
-ਮਾਰਕਸ ਗਾਰਵੇ

# ਨਸ਼ਾ ਤਸਕਰਾਂ ਵਿਰੁੱਧ ਯੁੱਧ

ਪੰਜਾਬ ਵਿੱਚ ਫੈਲਿਆ ਨਸ਼ਾ ਦੇਸ਼ ਦੁਨੀਆਂ ਵਿੱਚ ਵੱਸਦੇ ਪੰਜਾਬੀਆਂ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਪਰ ਸਿਆਸੀ ਪਾਰਟੀਆਂ ਇਸ ਚਿੰਤਾ ਨੂੰ ਸਿਆਸੀ ਲਾਹੇ ਦੇ ਤੌਰ ਉੱਤੇ ਵਰਤਦੀਆਂ ਰਹਿੰਦੀਆਂ ਹਨ। ਦਾਅਵਾ ਤੇ ਵਾਅਦਾ ਕਰਦੀਆਂ ਰਹੀਆਂ ਹਨ ਕਿ ਸੱਤਾ ਵਿਚ ਆਉਣ ਤੋਂ ਬਾਅਦ ਦਿਨਾਂ ਵਿੱਚ ਹੀ ਇਸ ਨਸ਼ੇ ਨੂੰ ਖ਼ਤਮ ਕਰ ਦਿੱਤਾ ਜਾਵੇਗਾ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਇਸ ਮੁੱਦੇ ਉੱਤੇ ਕਦੇ ਵੀ ਗੰਭੀਰਤਾ ਨਹੀਂ ਵਰਤੀ ਗਈ। ਹੁਣ ਜਦੋਂ ਨੱਕ ਤੋਂ ਚੋ ਕੇ ਮੂੰਹ ਵਿੱਚ ਪੈਣ ਲੱਗੀ ਹੈ ਤਾਂ ਭਗਵੰਤ ਮਾਨ ਸਰਕਾਰ ਨੇ ਨਸ਼ੇ ਖ਼ਿਲਾਫ਼ ਮੁਹਿੰਮ ਛੇੜੀ ਹੈ। ਮਾਨ ਸਰਕਾਰ ਨੇ ਤਿੰਨ ਮਹੀਨਿਆਂ ਦੇ ਅੰਦਰ ਨਸ਼ਿਆਂ ਦੀ ਅਲਾਮਤ ਨੂੰ ਖ਼ਤਮ ਕਰਨ ਲਈ ਇੱਕ ਹੋਰ ਜੰਗ ਛੇੜੀ ਹੈ। ਵੱਡੀ ਪੱਧਰ 'ਤੇ ਬਰਾਮਦਗੀਆਂ, 798 ਛਾਪਿਆਂ ਤੇ 290 ਗ੍ਰਿਫ਼ਤਾਰੀਆਂ ਨਾਲ ਇਹ ਕਾਰਵਾਈ ਕਾਫ਼ੀ ਤੇਜ਼ ਅਤੇ ਹਮਲਾਵਰ ਢੰਗ ਨਾਲ ਕੀਤੀ ਜਾ ਰਹੀ ਹੈ ਹਾਲਾਂਕਿ ਇਸ ਤਰ੍ਹਾਂ ਦੀਆਂ ਕਾਰਵਾਈਆਂ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ। ਨਸ਼ਿਆਂ ਨਾਲ ਜੁੜੇ ਖਾਸ ਖੇਤਰ ਨਾਲ ਲੱਗਦਾ ਹੋਣ ਕਰ ਕੇ ਪੰਜਾਬ ਲੰਮੇ ਸਮੇਂ ਤੋਂ ਨਸ਼ਿਆਂ ਦੀ ਤਸਕਰੀ ਨਾਲ ਜੂਝ ਰਿਹਾ ਹੈ। ਇਹ ਖੇਤਰ ਹੈਰੋਇਨ ਉਤਪਾਦਨ ਦਾ ਗੜ੍ਹ ਹੈ ਜਿਸ ਵਿੱਚ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਇਰਾਨ ਆਉਂਦੇ ਹਨ। ਕੀ ਇਸ ਵਾਰ ਕੁੱਝ ਵੱਖਰਾ ਹੋਏਗਾ? ਭਗਵੰਤ ਮਾਨ ਦੀ ਅਗਵਾਈ ਹੇਠਲੀ ਸਰਕਾਰ ਅਮਲ ਨੂੰ ਵਿਆਪਕ ਰਣਨੀਤੀ ਦੇ ਨਾਲ ਜੋੜ ਕੇ ਚੱਲ ਰਹੀ ਹੈ, ਜਿਸ ਵਿੱਚ ਨਸ਼ਾ ਛੁਡਾਉਣਾ ਅਤੇ ਪੁਨਰਵਾਸ ਵੀ ਸ਼ਾਮਿਲ ਹੈ। ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਤੇ ਨਿਰਧਾਰਤ ਡਰੱਗ ਵਿਕਰੀ ਨੂੰ ਨਿਯਮਤ ਕਰਨਾ ਸਹੀ ਦਿਸ਼ਾ 'ਚ ਚੁੱਕਿਆ ਗਿਆ ਕਦਮ ਹੈ ਹਾਲਾਂਕਿ ਇਸ ਲੜਾਈ ਦੀ ਸਫਲਤਾ ਮੂਲ ਕਾਰਨਾਂ ਦੇ ਹੱਲ ਉੱਤੇ ਨਿਰਭਰ ਕਰਦੀ ਹੈ- ਸਿਆਸੀ ਮਿਲੀਭੁਗਤ, ਸਰਹੱਦੀ ਮਘੋਰਿਆਂ ਅਤੇ ਨੌਜਵਾਨਾਂ ਲਈ ਆਰਥਿਕ ਬਦਲਾਂ ਦੀ ਘਾਟ ਅਜਿਹੇ ਕੁੱਝ ਕਾਰਨ ਹਨ। ਪੰਜਾਬ ਨੇ ਇਸ ਤਰ੍ਹਾਂ ਦੀਆਂ ਸਖ਼ਤੀਆਂ ਪਹਿਲਾਂ ਵੀ ਦੇਖੀਆਂ ਹਨ। ਸਾਲ 2017 ਵਿੱਚ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚਾਰ ਹਫ਼ਤਿਆਂ ਵਿੱਚ ਨਸ਼ਾ ਤਸਕਰੀ ਤੋੜਨ ਦਾ ਵਾਅਦਾ ਕੀਤਾ ਸੀ। ਉਨ੍ਹਾਂ ਦੀ ਸਰਕਾਰ ਨੇ ਕਈ ਕਦਮ ਚੁੱਕੇ ਜਿਨ੍ਹਾਂ 'ਚ ਸਰਕਾਰੀ ਮੁਲਾਜ਼ਮਾਂ ਦੇ ਸਾਲਾਨਾ ਡਰੱਗ ਟੈਸਟ ਅਤੇ ਨਸ਼ਾ ਰੋਕੂ ਅਧਿਕਾਰੀ ਦਾ ਉੱਦਮ ਸ਼ਾਮਿਲ ਸੀ। ਫਿਰ ਵੀ ਨਸ਼ਾ ਸੰਕਟ ਬਰਕਰਾਰ ਹੈ। ਇਸ ਤੋਂ ਪਹਿਲਾਂ ਬਾਦਲ ਦੀ ਅਗਵਾਈ 'ਚ ਸ਼੍ਰੋਮਣੀ ਅਕਾਲੀ ਦਲ ਸਰਕਾਰ ਦੀ ਨਸ਼ਿਆਂ ਵਿਰੁੱਧ ਲੜਾਈ ਵੀ ਢੌਂਗ ਸਾਬਿਤ ਹੋਈ। ਵੱਖ-ਵੱਖ ਸਮੇਂ ਦੀਆਂ ਸਰਕਾਰਾਂ ਵੱਲੋਂ ਕਈ ਢੰਗ-ਤਰੀਕੇ ਅਪਣਾਏ ਗਏ ਜਿਨ੍ਹਾਂ ਦਾ ਉਮੀਦ ਮੁਤਾਬਿਕ ਨਤੀਜਾ ਨਹੀਂ ਨਿਕਲਿਆ। ਵੱਡੇ ਗੁੱਟਾਂ ਨੂੰ ਤੋੜਨ ਦੀ ਅਸਫਲਤਾ ਇਨ੍ਹਾਂ ਮੁਹਿੰਮਾਂ ਦੀ ਕਾਮਯਾਬੀ 'ਤੇ ਸਵਾਲ ਖੜ੍ਹੇ ਕਰਦੀ ਹੈ। ਅਕਸਰ ਬਿਲਕੁਲ ਸਿਰੇ 'ਤੇ ਬੈਠਾ, ਨਸ਼ਾ ਲੈਣ ਵਾਲਾ ਗ਼ਰੀਬ ਤਬਕਾ ਹੀ ਪੁਲੀਸ ਲਈ ਸੌਖਾ ਨਿਸ਼ਾਨਾ ਬਣ ਰਿਹਾ ਹੈ, ਜਦੋਂਕਿ 'ਵੱਡੀਆਂ ਮੱਛੀਆਂ' ਬਚੀਆਂ ਹੀ ਰਹਿੰਦੀਆਂ ਹਨ। ਜੇ ਇਹੀ ਤਰੀਕਾ ਰਿਹਾ ਤਾਂ ਨਸ਼ਾ ਤਸਕਰੀ ਕਿਸੇ ਹੋਰ ਰੂਪ ਵਿੱਚ ਜਾਰੀ ਰਹੇਗੀ। ਅਤਿ ਦੀ ਨਿਗਰਾਨੀ ਦੇ ਬਾਵਜੂਦ ਨਸ਼ੇ ਦੀਆਂ ਵੱਡੀਆਂ ਖੇਪਾਂ ਪੰਜਾਬ ਵਿੱਚ ਦਾਖਲ ਹੋ ਰਹੀਆਂ ਹਨ ਜੋ ਡੂੰਘੇ ਢਾਂਚਾਗਤ ਮੁੱਦਿਆਂ ਵੱਲ ਧਿਆਨ ਖਿੱਚਦਾ ਹੈ। ਦੂਰਦ੍ਰਿਸ਼ਟੀ ਨਾਲ ਫ਼ੈਸਲੇ ਕੀਤੇ ਬਿਨਾਂ ਇਹ ਸਖ਼ਤੀਆਂ ਸਥਾਈ ਬਦਲਾ ? ਨਹੀਂ ਲਿਆ ਸਕਣਗੀਆਂ। ਇਸ ਲਈ ਕਈ ਡੂੰਘੇ ਸਮਾਜਿਕ-ਆਰਥਿਕ ਪੱਖਾਂ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਤਿੰਨ ਮਹੀਨਿਆਂ ਦਾ ਮਿੱਥਿਆ ਸਮਾਂ ਸਫਲਤਾ ਦੇ ਨਤੀਜਿਆਂ ਵਾਲਾ ਸੂਰਜ ਸਾਇਦ ਹੀ ਚੜ੍ਹਦਾ ਦੇਖ ਸਕੇ ਕਿਉਂਕਿ ਕੁਰੱਪਟ ਹੋ ਚੁੱਕਿਆ ਪੰਜਾਬ ਦਾ ਤਾਣਾ ਬਾਣਾ ਹੋਰ ਨਵੇਂ ਚੰਦ ਚਾੜੇਗਾ। ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਢਾਹੁੰਣ ਵਾਲੇ ਕੇਸ ਕਿਤੇ ਝੂਠੇ ਪੁਲਿਸ ਮੁਕਾਬਲਿਆਂ ਵਰਗੇ ਨਾ ਹੋ ਨਿਬੜਨ । ਪੁਲਿਸ ਪਹਿਲਾਂ ਵੀ ਕੁਰੱਪਟ ਤਰੀਕੇ ਵਰਤਦੀ ਹੋਈ ਬਦਲਾਖੋਰੀਆਂ ਦੀ ਭਾਵਨਾ ਹੇਠ ਝੂਠੇ ਕੇਸ ਬਣਾਉਂਦੀ ਆਈ ਹੈ ਤਾਂ ਫਿਰ ਜੇਕਰ ਹੁਣ ਵੀ ਕਿਸੇ ਨਿਰਦੋਸ਼ ਉੱਪਰ ਚਿੱਟੇ ਦੀ ਬਰਾਮਦਗੀ ਦਾ ਝੂਠਾ ਪਰਚਾ ਪਾਕੇ ਉਸਦੀ ਜਾਇਦਾਦ ਵੱਲ ਪੀਲਾ ਪੰਜਾ ਵਧਿਆ ਤਾਂ ਉਸਦੇ ਨਤੀਜੇ ਨਸ਼ੇ ਅਲਾਮਤ ਨਾਲੋਂ ਵੀ ਮਾੜੇ ਹੋ ਸਕਦੇ ਹਨ। ਸੋ ਸੌਖੇ ਢੰਗ-ਤਰੀਕਿਆਂ ਦੀ ਬਜਾਇ ਪੰਜਾਬ ਨੂੰ ਢਾਂਚਾਗਤ ਸੁਧਾਰਾਂ, ਕਰੜੀ ਸਰਹੱਦੀ ਨਿਗਰਾਨੀ, ਨਿਆਂਇਕ ਕੁਸ਼ਲਤਾ ਅਤੇ ਸਮਾਜ ਆਧਾਰਿਤ ਹੱਲਾਂ ਦੀ ਲੋੜ ਹੈ। ਨਹੀਂ ਤਾਂ 'ਨਸ਼ਿਆਂ ਖ਼ਿਲਾਫ਼ ਵਿੱਢੀ ਇਹ ਨਵੀਂ ਜੰਗ' ਇੱਕ ਹੋਰ ਸਿਆਸੀ ਨੁਮਾਇਸ਼ ਬਣ ਕੇ ਰਹਿ ਜਾਵੇਗੀ ਜਿਹੜੀ ਨਸ਼ਾ ਮੁਕਤ ਪੰਜਾਬ ਦਾ ਵਾਅਦਾ ਪੁਗਾਉਣ ਵਿੱਚ ਸਫਲ ਨਹੀਂ ਹੋ ਸਕੇਗੀ।

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਲੋਕ ਨੁਮਾਇੰਦੇ-ਸੱਤਾ ਅਤੇ ਵਿਰੋਧੀ ਧਿਰਾਂ



-ਗੁਰਮੀਤ ਸਿੰਘ ਪਲਾਹੀ
-9815802070

ਭਾਰਤ ਦੇ ਚੁਣੇ ਹੋਏ ਲੋਕ ਨੁਮਾਇੰਦਿਆਂ ਦੇ ਕੰਮ ਕਰਨ ਦੇ ਢੰਗ ਤਰੀਕਿਆਂ ਉਤੇ ਵੱਡੇ ਸਵਾਲ ਉੱਠ ਰਹੇ ਹਨ। ਸਵਾਲ ਉੱਠ ਰਹੇ ਹਨ ਕਿ ਉਹ ਲੋਕਾਂ ਤੋਂ ਵੋਟਾਂ ਲੈਕੇ ਪੰਜ ਸਾਲਾਂ ਲਈ ਆਪਣੀ ਗੱਦੀ ਪੱਕੀ ਕਰਕੇ ਲੋਕਾਂ ਲਈ ਜਵਾਬ ਦੇਹ ਨਹੀਂ ਰਹਿ ਜਾਂਦੇ ? ਸਵਾਲ ਇਹ ਵੀ ਉੱਠ ਰਹੇ ਹਨ ਕਿ ਆਖ਼ਰ ਜਨਤਾ ਦਾ ਕਸੂਰ ਕੀ ਹੈ ਜਿਹਨਾਂ ਨੇ ਆਪਣੀਆਂ ਉਮੀਦਾਂ ਦੇ ਸੁਪਨੇ ਸੰਜੋਅ ਕੇ ਉਹਨਾਂ ਨੂੰ ਸੰਸਦ ਜਾਂ ਵਿਧਾਨ ਸਭਾ 'ਚ ਪਹੁੰਚਾਇਆ, ਅਤੇ ਉਹ ਲੋਕਾਂ ਦੇ ਪੱਲੇ ਕੁੱਝ ਪਾ ਹੀ ਨਹੀਂ ਰਹੇ। ਕੀ ਜਨਤਾ ਦੇ ਇਹ ਨੁਮਾਇੰਦੇ ਵਿਧਾਨ ਸਭਾਵਾਂ ਜਾਂ ਸੰਸਦ ਵਿਚ ਕਾਗਜ਼ ਫਾੜਨ, ਕੁਰਸੀਆਂ ਉਲਟੀਆਂ ਕਰਨ, ਇਕ-ਦੂਜੇ ਉਤੇ ਚਿੱਕੜ ਸੁੱਟਣ, ਗਾਲੀ-ਗਲੋਚ ਕਰਨ ਅਤੇ ਆਪਣੀਆਂ ਕਿੜਾਂ ਕੱਢਣ ਲਈ ਹੀ ਇਹਨਾਂ ਸਦਨਾਂ 'ਚ ਪੁੱਜੇ ਹਨ। ਵਿਧਾਨ ਸਭਾ, ਲੋਕ ਸਭਾ, ਰਾਜ ਸਭਾ ਸਦਨਾਂ ਦੀ ਕਾਰਵਾਈ ਚਲਦੀ ਹੈ, ਜਨਤਾ ਇਸ ਕਾਰਵਾਈ ਨੂੰ 'ਲਾਈਵ' ਵੇਖਦੀ ਹੈ। ਨਿਰਾਸ਼ਾ ਪੱਲੇ ਪੈਂਦੀ ਹੈ ਜਨਤਾ ਦੇ ਉਦੋਂ, ਜਦੋਂ ਉਹਨਾ ਦੀ ਕੋਈ ਵੀ ਸਮੱਸਿਆ ਇਹਨਾਂ ਸਦਨਾਂ ਵਿੱਚ ਵਿਚਾਰੀ ਨਹੀਂ ਜਾਂਦੀ। ਸੱਤਾ ਪੱਖ ਆਪਣੀ ਮਰਜ਼ੀ ਦੇ ਬਿੱਲ ਲਿਆਉਂਦੀ ਹੈ। ਵਿਰੋਧੀ ਧਿਰ ਆਪਣਾ ਪੱਖ ਰੱਖਣ ਦੀ ਕੋਸ਼ਿਸ਼ ਕਰਦੀ ਹੈ।ਵਿਚਾਰ ਵਟਾਂਦਰਾਂ ਤਾਂ ਕੀ ਸੁਨਣਾ ਹੈ, ਉਹਨਾ ਦੇ ਬੋਲ ਸਦਨ @ਚ ਸੁਨਣ ਹੀ ਨਹੀਂ ਦਿੱਤੇ ਜਾਂਦੇ। ਵਿਚਾਰ-ਵਟਾਂਦਰੇ ਦੀ ਥਾਂ ਵਿਰੋਧੀ ਧਿਰਾਂ ਨੂੰ ਸਦਨ ਵਿਚੋਂ ਬਾਹਰ ਤੋਰ ਦੇਣਾ, ਇਕੋ ਇਕ ਉਪਾਅ ਰਹਿ ਗਿਆ ਹੈ ਤਾਂ ਕਿ ਸੱਤਾ ਧਿਰ ਵਲੋਂ ਆਪਣੀ ਮਰਜ਼ੀ ਕੀਤੀ ਜਾ ਸਕੇ।

ਪਿਛਲੇ ਦਿਨੀਂ ਦਿੱਲੀ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਦੇ 21 ਵਿਧਾਇਕਾਂ ਨੂੰ ਮੁਅੱਤਲ ਕਰ ਦਿੱਤਾ ਗਿਆ। ਰਾਜਸਥਾਨ ਵਿਧਾਨ ਸਭਾ 'ਚ ਇੰਦਰਾ ਗਾਂਧੀ ਨੂੰ ਦਾਦੀ ਕਹਿ ਦੇਣ ਦਾ ਵਿਰੋਧ ਹੋਇਆ, ਹੰਗਾਮਾ ਹੋਇਆ, ਛੇ ਵਿਧਾਇਕਾਂ ਨੂੰ ਸਦਨ 'ਚੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ। ਅਸਲ ਵਿੱਚ ਜ਼ਿੰਮੇਦਾਰ ਅਹੁਦਿਆਂ 'ਤੇ ਬੈਠੇ ਲੋਕ ਵਿਰੋਧੀ ਧਿਰ ਨੂੰ ਟਿੱਚ ਸਮਝਦੇ ਹਨ। ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦਾ ਨੇਤਾ ਅਤੇ ਸੱਤਾ ਪੱਖ ਸਮੇਤ ਮੁੱਖਮੰਤਰੀ ਵਾਧੂ ਜਿਹੀਆਂ ਗੱਲਾਂ 'ਤੇ ਉਲਝਦੇ ਵੇਖੇ ਗਏ। ਮਹਿਨੋ-ਮਹਿਣੀ ਹੋਣਾ ਤਾਂ ਆਮ ਜਿਹੀ ਗੱਲ ਹੈ।

ਵਿਰੋਧੀਆਂ ਨੂੰ ਨੀਵਾਂ ਦਿਖਾਉਣਾ ਅਤੇ ਹਰ ਹੀਲੇ ਉਹਨਾਂ ਨੂੰ ਖੂੰਜੇ ਲਾਉਣ ਦੀ ਪਰਵਿਰਤੀ ਮੌਜੂਦਾ ਲੋਕਤੰਤਰ ਵਿੱਚ ਧੁਰ ਹੇਠਲੀਆਂ ਸਥਾਨਕ ਸਰਕਾਰਾਂ, ਪੰਚਾਇਤੀ ਸੰਸਥਾਵਾਂ ਤੋਂ ਆਰੰਭ ਹੁੰਦੀ ਹੈ। ਪਿੰਡ ਪੰਚਾਇਤਾਂ 'ਚ ਲੋਕ ਆਪਣੇ ਨੁਮਾਇੰਦੇ ਚੁਣਦੇ ਹਨ, ਪਰ ਜਿਹਨਾਂ ਹੱਥ ਸੱਤਾ ਆ ਜਾਂਦੀ ਹੈ, ਉਹ ਵਿਰੋਧੀ ਪੰਚਾਂ ਦੀ ਬਾਤ ਹੀ ਨਹੀਂ ਪੁੱਛਦੇ, ਉਹਨਾਂ ਦੀ ਕੋਈ ਰਾਏ ਨਹੀਂ ਲੈਂਦੇ। ਮਰਜ਼ੀ ਨਾਲ, ਲੁਕ-ਛਿਪਕੇ ਕਾਗਜ਼ੀਂ ਪੱਤਰੀਂ ਮੀਟਿੰਗਾਂ ਕਰਦੇ ਹਨ, ਕੰਮ ਚਲਾਈ ਰੱਖਦੇ ਹਨ, ਸਰਕਾਰੀ ਤੰਤਰ ਉਹਨਾਂ ਦੀ ਮਦਦ ਕਰਦਾ ਹੈ। ਇਹੋ ਪਰਵਿਰਤੀ ਵਿਧਾਨ ਸਭਾ ਚੁਣੇ ਜਾਣ ਉਪਰੰਤ ਸੱਤਾ ਧਿਰ ਦੀ ਬਣ ਜਾਂਦੀ ਹੈ।

ਪਹਿਲਾਂ ਤਾਂ ਵਾਹ ਲਗਦਿਆਂ ਵਿਧਾਨ ਸਭਾ ਦੀਆਂ ਮੀਟਿੰਗਾਂ ਹੀ ਨਹੀਂ ਹੁੰਦੀਆਂ। ਜੇਕਰ ਹੁੰਦੀਆਂ ਹਨ ਤਾਂ ਸਮਾਂ ਬਿਲਕੁਲ ਸੀਮਤ ਹੁੰਦਾ ਹੈ। ਸਰਕਾਰੀ ਬਿੱਲ, ਕਾਨੂੰਨ ਬਨਾਉਣ ਲਈ ਵਿਰੋਧੀ ਧਿਰ ਨੂੰ ਸਦਨੋਂ ਬਾਹਰ ਕਰਨ ਲਈ ਢੰਗ ਤਰੀਕੇ ਵਰਤੇ ਜਾਂਦੇ ਹਨ, ਅਤੇ ਫਿਰ ਬਿੱਲ, ਆਪਣੀ ਹੀ ਬਹੁਸੰਮਤੀ ਨਾਲ ਪਾਸ ਕਰ ਲਏ ਜਾਂਦੇ ਹਨ। ਹਕੂਮਤ ਚਲਾਈ ਜਾਂਦੀ ਹੈ। ਲੋਕ-ਮਸਲੇ ਲੁਪਤ ਰਹਿੰਦੇ ਹਨ। ਵਿਧਾਨ ਸਭਾਵਾਂ, ਲੋਕ ਸਭਾ 'ਚ ਇਹ ਮੁੱਦੇ, ਮਸਲੇ ਉਠਾਉਣ ਲਈ ਮੌਕੇ ਹੀ ਨਹੀਂ ਮਿਲਦੇ ।

ਉਂਜ ਵੀ ਲੋਕਾਂ ਦੇ ਮਸਲੇ ਉਠਾਉਣ ਵਾਲੇ ਨੇਤਾਵਾਂ ਦੀ ਘਾਟ ਮਹਿਸੂਸ ਹੋ ਰਹੀ ਹੈ। ਲੋਕ ਸਭਾ, ਵਿਧਾਨ ਸਭਾਵਾਂ 'ਚ ਪਹੁੰਚਣ ਵਾਲੇ ਬਹੁਤੇ ਲੋਕ ਧਨਵਾਨ ਲੋਕ ਹਨ, ਜਿਹੜੇ ਆਮ ਲੋਕਾਂ ਦੀਆਂ ਧੁਰ ਅੰਦਰਲੀਆਂ ਸਮੱਸਿਆਵਾਂ ਤੋਂ ਜਾਣੂ ਹੀ ਨਹੀਂ ਹਨ। ਇਸਦੇ ਨਾਲ-ਨਾਲ ਅਪਰਾਧਿਕ ਪਿਛੋਕੜ ਵਾਲੇ ਲੋਕ ਵੀ ਵੱਡੀ ਗਿਣਤੀ 'ਚ ਇਹਨਾਂ ਲੋਕਤੰਤਰੀ ਸੰਵਿਧਾਨਿਕ ਸਦਨਾਂ 'ਚ ਜਾ ਬੈਠੇ ਹਨ। ਭਲਾ ਇਹੋ ਜਿਹੇ ਲੋਕਾਂ ਤੋਂ ਆਮ ਲੋਕਾਂ ਦੀਆਂ ਸਮੱਸਿਆਵਾਂ ਦੀ ਗੱਲ ਕਰਨੀ-ਸੁਨਣੀ ਕੀ ਸੰਭਵ ਹੈ ? ਏ.ਡੀ.ਆਰ. ਰਿਪੋਰਟ ਅਨੁਸਾਰ 514 ਮੌਜੂਦਾ ਮੈਂਬਰ ਪਾਰਲੀਮੈਂਟ ਵਿੱਚੋਂ 225 (44 ਫੀਸਦੀ) ਪਾਰਲੀਮੈਂਟ ਮੈਂਬਰਾਂ ਉਤੇ ਅਪਰਾਧਿਕ ਮਾਮਲੇ ਦਰਜ਼ ਹਨ, ਜਿਹਨਾਂ ਵਿੱਚ ਬਲਾਤਕਾਰ, ਕਤਲ ਤੱਕ ਦੇ ਮਾਮਲੇ ਹਨ ਅਤੇ 5 ਫੀਸਦੀ ਐਮ ਪੀ 100 ਕਰੋੜ ਤੋਂ ਵੱਧ ਦੌਲਤ ਦੇ ਮਾਲਕ ਹਨ। ਉੱਤਰਪ੍ਰਦੇਸ਼, ਮਹਾਂਰਾਸ਼ਟਰ, ਬਿਹਾਰ, ਆਂਧਰਾ ਪ੍ਰਦੇਸ਼, ਤਿਲੰਗਾਨਾ ਅਤੇ ਹਿਮਾਚਲ ਪ੍ਰਦੇਸ਼ ਦੇ ਅੱਧੇ ਤੋਂ ਵੱਧ ( 50 ਫੀਸਦੀ ਤੋਂ ਵੱਧ ) ਵੱਖੋਂ ਵੱਖਰੀਆਂ ਪਾਰਟੀਆਂ ਦੇ ਨੇਤਾ ਇਹੋ ਜਿਹੇ ਹਨ, ਜਿਹਨਾ ਉਤੇ ਅਪਰਾਧਿਕ ਮਾਮਲਿਆਂ ਸਬੰਧੀ ਕੇਸ ਥਾਣਿਆਂ ਅਤੇ ਅਦਾਲਤਾਂ 'ਚ ਹਨ। 28 ਵਿਧਾਨ ਸਭਾਵਾਂ ਅਤੇ ਦੋ ਕੇਂਦਰ ਸਾਸ਼ਤ ਪ੍ਰਦੇਸ਼ਾਂ ਦੇ 4001 ( ਕੁੱਲ 4033 ) ਦੇ ਕੀਤੇ ਏ.ਡੀ.ਆਰ. ਸਰਵੇ ਅਨੁਸਾਰ 44 ਫੀਸਦੀ ਵਿਧਾਇਕਾਂ 'ਤੇ ਆਪਰਾਧਿਕ ਪਰਚੇ ਦਰਜ਼ ਮਿਲੇ ਅਤੇ ਉਹਨਾਂ ਵਿੱਚੋਂ 1136 ( 28% ਉਤੇ) ਗੰਭੀਰ ਅਪਰਾਧਿਕ ਮਾਮਲੇ ਹਨ। ਇਹਨਾਂ 4001 ਵਿਧਾਇਕਾਂ ਵਿਚੋਂ 88 ( 2 % ) ਕੋਲ ਪ੍ਰਤੀ ਵਿਧਾਇਕ 100 ਕਰੋੜ ਤੋਂ ਵੱਧ ਧਨ ਹੈ। ਫਰਵਰੀ 2025 'ਚ ਦਿੱਲੀ ਵਿਧਾਨ ਸਭਾ ਲਈ ਚੁਣੇ ਵਿਧਾਇਕਾਂ ਵਿਚੋਂ 31 ਵਿਧਾਇਕਾਂ @ਤੇ ਆਪਰਾਧਿਕ ਮਾਮਲੇ ਅਤੇ ਭਾਜਪਾ ਦੀ ਚੁਣੀ ਸਰਕਾਰ ਦੇ 7 ਮੰਤਰੀਆਂ ਵਿੱਚੋ 5 ਮੰਤਰੀਆਂ ਵਿਰੁੱਧ ਅਪਰਾਧਿਕ ਮਾਮਲੇ ਦਰਜ਼ ਹਨ।

ਲੋਕ ਸਭਾ, ਵਿਧਾਨ ਸਭਾ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਲੋਕਾਂ ਦੇ ਦਿੱਤੇ ਟੈਕਸ ਵਿੱਚੋਂ ਲੱਖਾਂ ਰੁਪਏ ਪ੍ਰਤੀ ਸਾਲ ਤਨਖਾਹ, ਭੱਤੇ ਅਤੇ ਪੈਨਸ਼ਨਾਂ ਦਿੱਤੀਆਂ ਜਾਂਦੀਆਂ ਹਨ। ਲੋਕ ਸਭਾ, ਵਿਧਾਨ ਸਭਾਵਾਂ ਦੇ ਸੈਸ਼ਨ 'ਤੇ ਜਾਣ ਲਈ ਭੱਤੇ ਅਤੇ ਹੋਰ ਸਹੂਲਤਾਂ ਦੇ ਵੀ ਉਹ ਹੱਕਦਾਰ ਹਨ। ਹੈਰਾਨੀ ਹੁੰਦੀ ਹੈ, ਉਸ ਵੇਲੇ ਜਦੋਂ ਕਈ ਨੁਮਾਇੰਦਿਆਂ ਨੂੰ ਸਦਨਾਂ ਦੇ ਸੈਸ਼ਨ ਦੌਰਾਨ ਸੁੱਤਿਆਂ ਵੇਖੀਦਾ ਹੈ । ਕਈ 'ਭੱਦਪੁਰਸ਼' ਤਾਂ ਇਹੋ ਜਿਹੇ ਹਨ ਜਿਹੜੇ ਸਦਨਾਂ ਵਿਚ ਬਹੁਤ ਘੱਟ ਹਾਜ਼ਰੀ ਭਰਦੇ ਹਨ, ਬਹੁਤ ਘੱਟ ਬੋਲਦੇ ਹਨ ਭਾਵ ਚੁੱਪੀ ਧਾਰੀ ਰੱਖਦੇ ਹਨ ਤੇ ਪੰਜ ਸਾਲ 'ਮੋਨ' ਧਾਰਨ ਕਰਕੇ ਆਪਣੀ ਟਰਮ ਖਤਮ ਕਰ ਲੈਂਦੇ ਹਨ। ਆਖ਼ਰ ਇਹੋ ਜਿਹੇ ਲੋਕਾਂ ਤੋਂ ਆਮ ਲੋਕ ਕੀ ਤਵੱਕੋਂ ਕਰ ਸਕਦੇ ਹਨ ?

ਇਹ ਧਿਆਨ ਦੇਣ ਯੋਗ ਹੈ ਕਿ ਸੰਸਦ ਨੂੰ ਚਲਾਉਣ ਲਈ ਹਰ ਘੰਟੇ ਡੇਢ ਕਰੋੜ ਦਾ ਖਰਚਾ ਆਉਂਦਾ ਹੈ। ਐਤਕਾਂ ਦੇ ਲੋਕ ਸਭਾ ਸ਼ੈਸ਼ਨ ਦੌਰਾਨ ਪਿਛਲੇ 5 ਦਿਨਾਂ 'ਚ ਬੱਸ 5 ਫੀਸਦੀ ਕੰਮ ਹੋਇਆ ਅਤੇ ਲੋਕ ਸਭਾ 69 ਮਿੰਟ ਚਲੀ ਅਤੇ ਰਾਜ ਸਭਾ 94 ਮਿੰਟ ਚਲੀ। ਇਹਨਾਂ ਬੈਠਕਾਂ 'ਚ ਸਿਆਸਤ ਦੇ ਮੁੱਦੇ ਅਲੱਗ ਹੀ ਰਹੇ, ਜਿਹਨਾਂ ਦਾ ਆਮ ਲੋਕਾਂ ਨਾਲ ਸਰੋਕਾਰ ਹੀ ਕੋਈ ਨਹੀਂ।

ਸਾਡੇ ਦੇਸ਼ ਦੇ ਐਮ.ਪੀਜ਼ ਨੇ ਜਿਵੇਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਰਾਜਨੀਤੀ ਦੀ ਖੂੰਡੀ ਤੇ ਟੰਗ ਦਿੱਤਾ ਹੈ, ਉਹ ਲੋਕਤੰਤਰ ਉੱਤੇ ਧੱਬਾ ਹੈ। ਭਾਰਤ ਦੀ ਸੰਸਦ ਦੇ ਤਿੰਨ ਅੰਗ ਰਾਸ਼ਟਰਪਤੀ, ਲੋਕ ਸਭਾ, ਰਾਜ ਸਭਾ ਹਨ। ਵਰਤਮਾਨ ਭਾਰਤ ਦੀ ਸੰਸਦ ਵਿੱਚ 790 ਮੈਂਬਰ ਹਨ। ਭਾਰਤ ਦੀ ਸੰਸਦ ਦੇ ਤਿੰਨ ਸਤਰ ਹੁੰਦੇ ਹਨ ਅਤੇ ਲੱਗਭਗ ਪੂਰੇ ਸਾਲ ਵਿੱਚ 100 ਦਿਨ ਕੰਮ ਕਰਨਾ ਹੁੰਦਾ ਹੈ। ਜਿਸ ਉਤੇ 600 ਕਰੋੜ ਖਰਚੇ ਹੁੰਦੇ ਹਨ, ਭਾਵ ਪ੍ਰਤੀ ਦਿਨ 6 ਕਰੋੜ ਰੁਪਏ। ਜੇਕਰ ਇਹਨਾਂ ਸਦਨਾਂ ਨੇ ਕੰਮ ਹੀ ਨਹੀਂ ਕਰਨਾ ਤਾਂ ਆਖ਼ਰ ਇਹਨਾ ਕਾਨੂੰਨ ਘਾੜੀਆਂ ਸੰਸਥਾਵਾਂ ਦੀ ਚੋਣ ਦਾ ਅਰਥ ਹੀ ਕੀ ਰਹਿ ਜਾਂਦਾ ਹੈ?

ਜੇਕਰ ਇੰਨਾ ਖ਼ਰਚ ਕੀਤਿਆਂ ਵੀ ਸਦਨ ਵਿੱਚ ਇਕ-ਦੂਜੇ ਵਿਰੁੱਧ, ਭਾਰਤੀ ਸਿਆਸਤ ਦੇ ਆਪਣੇ ਤੋਂ ਪਹਿਲੇ ਨੇਤਾਵਾਂ ਦੇ ਨੁਕਸ ਕੱਢਣ ਉਤੇ ਹੀ ਚਰਚਾ ਹੋਣੀ ਹੈ ਤੇ ਸਮਾਂ ਤੇ ਪੈਸਾ ਹੀ ਬਰਬਾਦ ਹੋਣਾ ਹੈ ਤਾਂ ਇਹ ਭਾਰਤੀ ਲੋਕਤੰਤਰ ਲਈ ਕਿਸੇ ਵੀ ਤਰ੍ਹਾਂ ਯੋਗ ਨਹੀਂ ਮੰਨਿਆ ਜਾ ਸਕਦਾ।

ਬਿਨ੍ਹਾਂ ਸ਼ੱਕ ਮੌਜੂਦਾ ਦੌਰ 'ਚ ਚੰਗੇ ਨੇਤਾਵਾਂ ਦੀ ਭਾਰਤ 'ਚ ਕਮੀ ਵੇਖਣ ਨੂੰ ਮਿਲ ਰਹੀ ਹੈ। ਵੰਸ਼ਵਾਦੀ ਨੇਤਾਵਾਂ ਦੀ ਭਰਮਾਰ ਹੋ ਰਹੀ ਹੈ। ਦੇਸ਼ ਦੇ ਸੰਵਿਧਾਨ ਨੂੰ ਬਦਲਣ ਦੇ ਯਤਨਾਂ 'ਚ ਰੂੜੀਵਾਦੀ ਨੇਤਾ ਦੇਸ਼ ਦੀ ਸਿਆਸਤ ਨੂੰ ਪ੍ਰਭਾਵਤ ਕਰ ਰਹੇ ਹਨ। ਵਿਰੋਧੀ ਸੁਰਾਂ ਵਾਲੇ ਨੇਤਾਵਾਂ ਨੂੰ ਸਿਆਸੀ ਗਲਿਆਰਿਆਂ 'ਚ ਲੁਪਤ ਕਰਨ ਲਈ ਸੱਤਾ ਧਿਰ ਯਤਨਸ਼ੀਲ ਹੈ। ਅਪਮਾਨ ਜਨਕ, ਉੱਚੇ ਬੋਲ ਬੋਲਣ ਵਾਲੇ ਹੰਕਾਰੀ ਨੇਤਾ ਸਦਨ ਵਿੱਚ ਬਾਹਾਂ ਉਲਾਰਦੇ, ਧੱਕਾ ਧੌਂਸ ਦਿਖਾਉਂਦੇ ਆਪਣੀ ਗਲਤ ਗੱਲ ਨੂੰ ਵੀ ਸਹੀ ਕਰਦੇ ਵੇਖੇ ਜਾਂਦੇ ਹਨ। ਇਹੋ ਜਿਹੀ ਸਿਆਸਤ ਕਰਨ ਵਾਲੇ ਨੇਤਾ ਕੀ ਲੋਕ-ਹਿਤੈਸ਼ੀ ਸਿਆਸਤ ਕਰ ਸਕਦੇ ਹਨ ? ਸ਼ਾਇਦ ਕਦਾਚਿਤ ਨਹੀਂ।

ਪਿਛਲੇ ਦੋ ਦਹਾਕਿਆਂ ਤੋਂ ਖਾਸ ਤੌਰ ਤੇ ਲੋਕ ਨੁਮਾਇੰਦਿਆਂ ਦੀ ਚੋਣ ਦਾ ਦ੍ਰਿਸ਼ ਅਤੇ ਢੰਗ ਵੀ ਬਦਲ ਗਿਆ ਹੈ। ਸਿਆਸੀ ਧਿਰਾਂ ਦਾ ਕੰਮ ਕਰਨ ਦਾ ਮੰਤਵ ਲੋਕ ਸੇਵਾ ਨਹੀਂ, ਕੁਰਸੀ ਹਥਿਆਉਣਾ ਰਹਿ ਗਿਆ ਹੈ। ਚੋਣਾਂ ਤੋਂ ਪਹਿਲਾਂ ਲੌਲੀਪੌਪ ਵਿਖਾਏ ਜਾਂਦੇ ਹਨ, ਲੋਕਾਂ ਨੂੰ ਭਰਮਾਇਆ ਜਾਂਦਾ ਹੈ, ਵੱਧ ਤੋਂ ਵੱਧ ਮੁਫ਼ਤ ਸਹੂਲਤਾਂ ਦੇਣ ਦੇ ਵਚਨ ਦਿੱਤੇ ਜਾਂਦੇ ਹਨ, ਅਤੇ ਇਸੇ ਅਧਾਰ 'ਤੇ ਚੋਣਾਂ ਜਿੱਤ ਲਈਆਂ ਜਾਂਦੀਆਂ ਹਨ। ਲੋਕ ਲਭਾਊ ਨਾਹਰੇ, ਪੈਸਾ, ਅਤੇ ਧੱਕਾ ਧੌਂਸ ਅੱਜ ਸਿਆਸੀ ਆਗੂਆਂ ਦੇ ਚੋਣ-ਗਹਿਣੇ ਬਣ ਚੁੱਕੇ ਹਨ।

ਵੋਟ ਖਰੀਦਣ ਦੀ ਪਰਵਿਰਤੀ ਲੋਕਤੰਤਰ ਨੂੰ ਢਾਅ ਲਾ ਰਹੀ ਹੈ। ਨੈਤਿਕ ਤੌਰ ਤੇ ਨੇਤਾ ਲੋਕ ਇੰਨੀ ਨਿਵਾਣ ਵੱਲ ਚਲੇ ਗਏ ਹਨ ਕਿ ਇਕ ਪਾਰਟੀ ਤੋਂ ਚੋਣ ਜਿੱਤਦੇ ਹਨ, ਅਤੇ ਚੋਣ ਤੋਂ ਤੁਰੰਤ ਬਾਅਦ ਮੰਤਰੀ-ਸੰਤਰੀ ਦੀ ਕੁਰਸੀ ਪਾਉਣ ਲਈ, ਸੱਤਾ ਹਥਿਆਉਣ ਲਈ ਚੋਣਾਂ 'ਚ ਵੈਰੀ ਰਹੇ, ਅਤੇ ਬਾਅਦ @ਚ ਮਿੱਤਰ ਬਣੇ ਦਿਸਣਾ, ਆਮ ਗੱਲ ਹੋ ਗਈ ਹੈ। ਇਹ ਭਾਰਤ ਦੀ ਅਜੋਕੀ ਸਿਆਸਤ ਦਾ ਭੈੜਾ ਰੰਗ ਅਤੇ ਭੈੜਾ ਕਿਰਦਾਰ ਬਣ ਚੁੱਕਾ ਹੈ। ਬਿਹਾਰੀ ਬਾਬੂ ਨਤੀਸ਼ ਅਤੇ ਆਂਧਰਾ ਪ੍ਰਦੇਸ਼ ਦਾ ਚੰਦਰ ਬਾਬੂ ਨਾਇਡੂ, ਜੋ ਕਦੇ ਭਾਜਪਾ ਵਿਰੋਧੀ ਸੀ, ਉਹ ਮੌਜੂਦਾ ਭਾਰਤੀ ਕੇਂਦਰੀ ਸਰਕਾਰ ਦੀਆਂ ਫੌਹੜੀਆਂ ਬਣ ਚੁੱਕਾ ਹੈ।

ਪੰਜਾਬ 'ਚ ਜਿਵੇਂ ਕਾਰਪੋਰੇਸ਼ਨ ਚੋਣਾਂ 'ਚ ਸੱਤਾ ਧਿਰ ਨੇ, ਵਿਰੋਧੀ ਧਿਰ ਦੇ ਕੌਂਸਲਰਾਂ ਨੂੰ ਪੁੱਟਿਆ, ਆਪਣੀ ਪਾਰਟੀ 'ਚ ਲਿਆਕੇ ਵੱਡੇ ਅਹੁਦੇ ਦਿੱਤੇ ਅਤੇ ਫਿਰ ਸਥਾਨਕ ਚੋਣਾਂ 'ਚ ਜਿੱਤ ਦੇ ਵੱਡੇ ਦਾਅਵੇ ਕੀਤੇ, ਉਹ ਅਜੋਕੇ ਸਮੇਂ ਦੀ ਬੇਰੰਗੀ ਸਥਾਨਕ ਸਰਕਾਰਾਂ ਦੀ ਸਿਆਸਤ ਦਾ ਇਕ ਭੈੜਾ ਰੰਗ ਸੀ।

ਲੋਕ ਨੁਮਾਇੰਦਿਆਂ ਤੋਂ ਅੱਜ ਦਾ ਭਾਰਤੀ ਸਮਾਜ ਉਪਰਾਮ ਹੈ, ਕਿਉਂਕਿ ਉਹ ਲੋਕਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਤਾਂ ਕਰਦੇ ਹਨ, ਪਰ ਅਮਲਾਂ 'ਚ ਪੂਰੇ ਨਹੀਂ ਉਤਰ ਰਹੇ। ਲੋਕਾਂ ਦੀ ਜਿਹੜੀ ਅਵਾਜ਼ ਸਦਨ ਵਿੱਚ ਗੂੰਜਣੀ ਚਾਹੀਦੀ ਹੈ, ਵਿਰੋਧੀ ਧਿਰ ਉਹ ਅਵਾਜ਼ ਚੁੱਕ ਨਹੀਂ ਰਹੀ। ਸੱਤਾ ਧਿਰ ਲੋਕਾਂ ਦੇ ਮਸਲਿਆਂ ਦੇ ਹੱਲ ਲਈ ਗੰਭੀਰ ਨਹੀਂ, ਉਹ ਤਾਂ ਆਪਣੇ ਉਹਨਾ ਆਕਾਵਾਂ, 'ਕਾਰਪੋਰੇਟਾਂ', ਧੰਨ ਕੁਬੇਰਾਂ ਨੂੰ ਖੁਸ਼ ਕਰਨ ਦੇ ਯਤਨ 'ਚ ਹੈ, ਜਿਹੜੇ ਉਹਨਾਂ ਉਤੇ ਧੰਨ ਦੀ ਵਰਖਾ ਕਰਦੇ ਹਨ।

# ਅਧਿਕਾਰ, ਸਮਾਨਤਾ, ਸਸ਼ਕਤੀਕਰਨ ਬਨਾਮ ਔਰਤ



ਜਗਤਾਰ ਸਿੰਘ ਮਾਨਸਾ
9463603091

ਔਰਤ ਦੁਨੀਆਂ ਦੇ ਕਿਸੇ ਵੀ ਸਮਾਜ ਵਿੱਚ ਅੱਜਤੱਕ ਮਰਦ ਦੇ ਬਰਾਬਰ ਰੁਤਬਾ ਹਾਸਿਲ ਨਹੀਂ ਕਰ ਸਕੀ। ਮਰਦ ਪ੍ਰਧਾਨ ਸਮਾਜ ਦੁਆਰਾ ਇਸ ਨੂੰ ਹਮੇਸ਼ਾ ਦਬਾ ਕੇ ਰੱਖਿਆ ਗਿਆ ਹੈ । ਭਾਰਤੀ ਸਮਾਜ ਵਿੱਚ ਤਾਂ ਔਰਤ ਨੂੰ ਅੱਜ ਵੀ ਉਹ ਸਥਾਨ ਹਾਸਿਲ ਨਹੀਂ ਹੋ ਸਕਿਆ। ਇਸ ਨੂੰ ਕੁੱਟਣ ਮਾਰਨ ਤੇ ਪਰਦੇ ਵਿੱਚ ਘਰੇ ਰੱਖਣ ਦੀ ਚੀਜ਼ ਸਮਝਿਆ ਗਿਆ।ਉਸ ਲਈ ਉੱਚੀਆਂ ਕੰਧਾਂ ਹੀ ਉਸਦਾ ਸੰਸਾਰ ਰਿਹਾ। ਸਵੇਰ ਤੋਂ ਲੈਕੇ ਰਾਤ ਤੱਕ ਘਰੇਲੂ ਕੰਮਾਂ ਵਿੱਚ ਜ਼ਿੰਦਗੀ ਬਤੀਤ ਹੋ ਜਾਂਦੀ ਹੈ। ਘਰਾਂ ਵਿੱਚ ਲੜਕੀਆਂ ਨੂੰ ਮੁੰਡੇ ਨਾਲੋਂ ਘੱਟ ਮਹੱਤਵਪੂਰਨ ਸਮਝਣਾ,ਉਸ ਦੇ ਕਪੜੇ ,ਖਾਣਪੀਣ ਵਿੱਚ ਭੇਦਭਾਵ ਕਰਨਾ, ਸਿੱਖਿਆ ਤੋਂ ਬਾਂਝੇ ਰੱਖਣਾ,ਇਹ ਔਰਤ ਦੀ ਜ਼ਿੰਦਗੀ ਦੇ ਹਿੱਸੇ ਰਹੇ ਹਨ।ਜਦੋਂ ਔਰਤ ਨੇ ਬਾਹਰ ਕੰਮ ਤੇ ਪੈਰ ਧਰਿਆ ਤਾਂ ਉਸ ਨਾਲ ਉੱਥੇ ਵੀ ਲਿੰਗਕ ਭੇਦਭਾਵ ,ਕੰਮ ਦੇ ਘੰਟੇ, ਤਨਖਾਹ ਨਾਲ ਭੇਦਭਾਵ ਕੀਤਾ ਜਾਂਦਾ ਰਿਹਾ ਹੈ।ਉਸ ਨੂੰ ਸਮਾਜ ਵਿੱਚ ਉਸ ਤਰ੍ਹਾਂ ਨਹੀਂ ਵਿਚਰਨ ਦਿੱਤਾ ਗਿਆ ਜਿਸ ਤਰ੍ਹਾਂ ਇੱਕ ਬੰਦੇ ਨੂੰ।ਸਭ ਤੋਂ ਮਾੜਾ ਇਹ ਹੋਇਆ ਕਿ ਧਾਰਮਿਕ ਗ੍ਰੰਥਾਂ ਵਿੱਚ ਵੀ ਇਸ ਨੂੰ ਨਿੰਦਿਆ ਗਿਆ। ਮਰਦ ਪ੍ਰਧਾਨ ਸਮਾਜ ਨੇ ਆਪਣੀ ਹੀ ਬੋਲੀ ਸਿਰਜ ਲਈ, ਆਪਣੇ ਕਾਨੂੰਨ,ਹਰ ਇੱਕ ਵਿੱਚ ਔਰਤ ਨੂੰ ਨੀਵਾਂ ਦਿਖਾਉਣ ਵਾਲਾ ਕੰਮ ਕੀਤਾ ਹੈ।

ਔਰਤਾਂ ਅੰਦਰ ਜਦੋਂ ਜਦੋਂ ਸਿੱਖਿਆ ਦਾ ਪਸਾਰ ਹੋਇਆ ਉਸ ਨੇ ਦਮਘੋਟੂ ਜ਼ੰਜੀਰਾਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਹੈ। ਅੰਤਰਰਾਸ਼ਟਰੀ ਪੱਧਰ ਤੇ ਜਿਉਂ ਜਿਉਂ ਜਾਗ੍ਰਤੀ ਵਧੀ ਔਰਤਾਂ ਨੇ ਆਪਣੇ ਹੱਕ ਮੰਗੇ ਹਨ।

ਸਮਾਜਵਾਦੀਆਂ ਵੱਲੋਂ ਬਰਾਬਰਤਾ ਦੀ ਮੰਗ ਨੂੰ ਲੈ ਕੇ ਸ਼ੁਰੂ ਕੀਤਾ ਗਿਆ ਅੰਤਰਰਾਸ਼ਟਰੀ ਮਹਿਲਾ ਦਿਵਸ ਅੱਜ ਵੱਡੇ ਸਮਾਗਮਾ ਕਰ ਮਨਾਇਆ ਜਾਂਦਾ ਹੈ। ਇਸ ਵਾਰ ਦਾ ਮੁੱਖ ਥੀਮ ਸਾਰੀਆਂ ਔਰਤਾਂ ਅਤੇ ਕੁੜੀਆਂ ਲਈ ਅਧਿਕਾਰ, ਸਮਾਨਤਾ, ਸਸ਼ਕਤੀਕਰਨ ਹੈ ।ਇਸ ਦਿਨ ਦੀ ਸ਼ੁਰੂਆਤ 28 ਫਰਵਰੀ 1909 ਨੂੰ ਹੋਈ।ਅਮਰੀਕਾ ਦੀ ਸੋਸ਼ਲਿਸਟ ਪਾਰਟੀ ਨੇ ਥੇਰੇਸਾ ਸੇਰਬਰ ਮਲਕੀਲ ( 1874 - 1949) ਜੋ ਇੱਕ ਅਮਰੀਕੀ ਮਜ਼ਦੂਰ ਕਾਰਕੁਨ, ਅਤੇ ਸਿੱਖਿਅਕ ਸੀ। ਉਹ ਫੈਕਟਰੀ ਦੇ ਕੰਮ ਤੋਂ ਸਮਾਜਵਾਦੀ ਪਾਰਟੀ ਦੀ ਅਗਵਾਈ ਕਰਨ ਵਾਲੀ ਪਹਿਲੀ ਔਰਤ ਸੀ। ਉਸ ਦੇ 1910 ਦੇ ਨਾਵਲ, ਦਿ ਡਾਇਰੀ ਆਫ਼ ਏ ਸ਼ਰਟਵੈਸਟ ਸਟ੍ਰਾਈਕਰ, ਨੂੰ ਨਿਊਯਾਰਕ ਰਾਜ ਦੇ ਕਿਰਤ ਕਾਨੂੰਨਾਂ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਨ ਦਾ ਸਿਹਰਾ ਦਿੱਤਾ ਜਾਂਦਾ ਹੈ। ਸੋਸ਼ਲਿਸਟ ਪਾਰਟੀ ਆਫ ਅਮਰੀਕਾ (SPA) ਦੀ ਵੂਮੈਨ ਨੈਸ਼ਨਲ ਕਮੇਟੀ ਦੇ ਮੁਖੀ ਹੋਣ ਦੇ ਨਾਤੇ, ਉਸਨੇ ਇੱਕ ਸਾਲਾਨਾ ਰਾਸ਼ਟਰੀ ਮਹਿਲਾ ਦਿਵਸ ਦੀ ਸਥਾਪਨਾ ਕੀਤੀ। 1910 ਵਿੱਚ ਇੰਟਰਨੈਸ਼ਨਲ ਸੋਸ਼ਲਿਸਟ ਵੂਮੈਨ ਕਾਉਂਸਿਲ ਦੁਆਰਾ ਇਸਦਾ ਸਮਰਥਨ ਕੀਤਾ ਗਿਆ। ਇਸ ਨੂੰ ਬਾਅਦ ਵਿੱਚ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੁਆਰਾ ਸਵੀਕਾਰ ਕਰ ਲਿਆ ਗਿਆ।ਰੂਸ ਦੀ ਅਕਤੂਬਰ ਕਾਂਤੀ ਤੋਂ ਪਹਿਲਾਂ ਰੂਸ ਵਿੱਚ 8 ਮਾਰਚ ਨੂੰ ਮਹਿਲਾ ਵਰਕਰਾਂ ਵੱਲੋਂ ਕੀਤੀ ਗਈ ਸਵੈ-ਇੱਛਾ ਨਾਲ ਹੜਤਾਲ ਨੇ ਰੂਸ ਵਿੱਚ ਰੋਹ ਪੈਦਾ ਕਰ ਦਿੱਤਾ । ਸੱਤ ਦਿਨਾਂ ਬਾਅਦ ਹਾਕਮਾਂ ਨੂੰ ਸੱਤਾ ਛੱਡਣੀ ਪਈ। ਬਾਅਦ ਵਿੱਚ ਆਈ ਆਰਜ਼ੀ ਸਰਕਾਰ ਨੇ ਮਤਦਾਤਾਵਾਂ ਨੂੰ ਵੋਟ ਦਾ ਅਧਿਕਾਰ ਦਿੱਤਾ । ਉਦੋਂ ਤੋਂ, 28 ਫਰਵਰੀ ਦੀ ਬਜਾਏ, 8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਵਜੋਂ ਜਾਣਿਆ ਜਾਂਦਾ ਹੈ। ਇਸ ਤਰ੍ਹਾਂ ਇਹ ਦਿਨ ਮੂਲ ਰੂਪ ਵਿੱਚ ਸਮਾਜਵਾਦ ਦੀ ਦੇਣ ਹੈ। ਪਰ ਅੱਜ ਇਹ ਗੱਲ ਭੁੱਲ ਗਈ ਹੈ । ਰੂਸ ਨੇ ਇਸ ਦਿਨ ਨੂੰ ਸਵੀਕਾਰ ਕਰਨ ਤੋਂ ਬਾਅਦ, ਬਹੁਤ ਸਾਰੇ ਸਮਾਜਵਾਦੀ ਦੇਸ਼ਾਂ ਨੇ 8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਵਜੋਂ ਘੋਸ਼ਿਤ ਕੀਤਾ।

1920 ਤੱਕ ਸਮਾਜਵਾਦੀ ਦੇਸ਼ਾਂ ਵਿੱਚ ਇਹ ਦਿਨ ਮਨਾਇਆ ਜਾਂਦਾ ਰਿਹਾ, ਸਮੇਂ ਨਾਲ ਹੋਰ ਜਾਗਰੂਕਤਾ ਆਈ ਔਰਤ ਅੰਦੋਲਨ ਦੀ ਦੂਜੀ ਲਹਿਰ ਸ਼ੁਰੂ ਹੋ ਗਈ ਅਤੇ ਬਹੁਤ ਸਾਰੀਆਂ ਮਹਿਲਾਂਵਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਮਜ਼ਦੂਰ ਲਹਿਰਾਂ ਸਾਹਮਣੇ ਆਉਣ ਲੱਗੀਆਂ। ਸਮਾਂ ਗੁਜ਼ਰਨ ਨਾਲ ਇਹ ਲਹਿਰਾਂ ਅੰਤਰਰਾਸ਼ਟਰੀ ਬਣ ਗਈਆਂ।ਯੂ ਐਨ ਓ ਨੇ 1975 ਵਿੱਚ ਇੱਕ ਮਤਾ ਪਾਸ ਕਰਕੇ 8 ਮਾਰਚ ਨੂੰ 1977 ਵਿੱਚ ਮਹਿਲਾ ਦਿਵਸ ਵਜੋਂ ਲਾਗੂ ਕਰ ਦਿੱਤਾ। ਉਦੋਂ ਤੋਂ UNO ਦੇ ਮੈਂਬਰ ਦੇਸ਼ 8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਵਜੋਂ ਮਨਾਉਂਦੇ ਹਨ। ਭਾਰਤ ਸਰਕਾਰ ਵੀ ਇਸ ਵਿੱਚ ਸ਼ਾਮਲ ਹੈ।

ਕਈ ਦੇਸ਼ ਅਜੇ ਵੀ ਇਹ ਦਿਨ ਨਹੀਂ ਮਨਾਉਂਦੇ ਉੱਥੇ ਮਹਿਲਾ ਨਾਲ ਵਿਤਕਰਾ ਹੁੰਦਾ ਹੈ ।ਉਨ੍ਹਾਂ ਨੂੰ ਜਨਤਕ ਥਾਵਾਂ 'ਤੇ ਚੱਲਣ ਦੀ ਇਜਾਜ਼ਤ ਨਹੀਂ ਮਿਲਦੀ, ਕੰਮ ਕਰਨ ਦੀ ਇਜਾਜ਼ਤ ਨਹੀ ਮਿਲਦੀ । ਹੋਰ ਬਹੁਤ ਕੰਮਾਂ ਵਿੱਚ ਉਹਨਾਂ ਨਾਲ ਭੇਦਭਾਵ ਕੀਤਾ ਜਾਂਦਾ ਹੈ।ਅਸੀਂ ਪਾਕਿਸਤਾਨ ਦੇ ਮਲਾਲਾ ਦਾ ਕਿੱਸਾ ਪ੍ਰਸਿੱਧ ਕੇਸ ਦੀ ਗੱਲ ਕਰ ਸਕਦੇ ਹਾਂ ।

ਮੱਧ ਯੁੱਗ ਤੋਂ ਬਾਅਦ, ਯੂਰਪ ਵਿੱਚ ਉਦਯੋਗਿਕ ਕ੍ਰਾਂਤੀ ਦੇ ਨਾਲ, ਸਮਾਜ ਨੇ ਆਪਣੇ ਆਪ ਨੂੰ ਪੁਰਾਣੇ ਪੁਰਸ਼ਵਾਦੀ ਸਮਾਜ ਤੋਂ ਮੁਕਤ ਕਰਨਾ ਸ਼ੁਰੂ ਕੀਤਾ। ਰਾਜਸ਼ਾਹੀ ਅਤੇ ਜਾਗੀਰਦਾਰੀ ਵਿਰੁੱਧ ਬਗਾਵਤਾਂ ਹੋਈ। ਔਰਤਾਂ ਨੇ ਆਪਣੇ ਹੱਕ ਬਹੁਤ ਸੰਘਰਸ਼ ਨਾਲ ਲਏ। ਦੁਨੀਆਂ ਦੇ ਹਰ ਇੱਕ ਸਮਾਜ ਵਿੱਚ ਔਰਤਾਂ ਨੂੰ ਦਬਾ ਕੇ ਰੱਖਿਆ ਗਿਆ ਸੀ।ਇਸ ਪੱਧਰ ਤੱਕ ਪ੍ਰਾਪਤੀ ਲਈ ਲੰਬਾ ਸੰਘਰਸ਼ ਕਰਨਾ ਪਿਆ।

ਜੇਕਰ ਅਸੀਂ ਉਸ ਦੇ ਹੱਕਾਂ ਦੀ ਗੱਲ ਕਰੀਏ

ਹਿੰਸਾ ਤੋਂ ਮੁਕਤ ਜੀਵਨ ਜਿਉਣ ਉਹਨਾਂ ਦਾ ਪਹਿਲਾ ਹੱਕ ਹੈ ।ਬਾਲ ਮਜ਼ਦੂਰੀ ਤੋ ਛੋਟ ,ਬਾਲ ਵਿਆਹ ਤੋ ਛੋਟ, ਬਰਾਬਰ ਦੀ ਸਿਹਤ, ਸਿੱਖਿਆ ਬਹੁਤ ਜ਼ਰੂਰੀ ਹੈ। ਭਾਰਤ ਵਰਗੇ ਪੱਛੜੇ ਦੇਸ਼ਾਂ ਵਿਚ ਹੋਰ ਵੀ ਲਾਜ਼ਮੀ ਹੋ ਜਾਂਦਾ ਹੈ। ਬਰਾਬਰ ਰੁਜ਼ਗਾਰ ਦੇ ਮੌਕੇ, ਬਰਾਬਰ ਤਨਖਾਹ, ਪ੍ਰਸੂਤਾ ਛੁੱਟੀ ਪਿਤਾ ਦੀ ਜਾਇਦਾਦ ਵਿੱਚੋਂ ਹਿੱਸਾ ਇਹ ਕੁਝ ਮੁਢਲੇ ਅਧਿਕਾਰ ਹਨ ਜੋ ਲਾਜ਼ਮੀ ਬਣ ਜਾਂਦੇ ਹਨ।

ਜੇਕਰ ਦੇਖਿਆ ਜਾਵੇ ਤਾਂ ਬਹੁਤ ਖੇਤਰਾਂ ਵਿੱਚ ਅੱਜ ਵੀ ਔਰਤ ਦੀ ਕੋਈ ਭੂਮਿਕਾ ਨਹੀਂ ਹੈ। ਉਹਨਾਂ ਵਿੱਚ ਔਰਤ ਨੂੰ ਬਰਾਬਰ ਨਹੀਂ ਸਮਝਿਆ ਜਾਂਦਾ । ਉੱਥੇ ਔਰਤ ਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਹੈ। ਉਹਨਾਂ ਨਾਲ ਪਹਿਰਾਵੇ, ਖਾਣਪੀਣ ਵਿੱਚ ਭੇਦਭਾਵ ਹੋ ਰਿਹਾ ਹੈ।ਤੀਸਰੀ ਦੁਨੀਆਂ ਦੇ ਦੇਸ਼ਾਂ ਵਿੱਚ ਤਾਂ ਔਰਤ ਨੂੰ ਸਿਰਫ ਬੱਚੇ ਪੈਦਾ ਕਰਨ ਦੀ ਮਸ਼ੀਨ ਸਮਝਿਆ ਜਾਂਦਾ ਹੈ। ਉਸ ਨੂੰ ਬਾਹਰ ਦੇ ਨਾਲ ਨਾਲ ਘਰੇਲੂ ਕੰਮ ਵੀ ਕਰਨੇ ਪੈਂਦੇ ਹਨ। ਉਸ ਨਾਲ ਬੇਇਨਸਾਫ਼ੀ ਲਈ ਬਹੁਤੀ ਥਾਈਂ ਅੱਜ ਵੀ ਕੋਈ ਸੁਣਵਾਈ ਨਹੀਂ। ਬੁਢਾਪੇ ਵਿੱਚ ਅੱਜ ਵੀ ਪੁੱਤ ਜਾਇਦਾਦ ਨਾਮ ਕਰਵਾ ਕੇ ਪੁੱਛਦੇ ਨਹੀਂ ਹਨ। ਇਸ ਲਈ ਬਹੁਤ ਖੇਤਰਾਂ ਵਿੱਚ ਹਾਲਤ ਅੱਜ ਵੀ ਮਾੜੇ ਹੀ ਹਨ।

ਗੁਰੂਆਂ ਪੀਰਾਂ ਨੇ ਔਰਤ ਨੂੰ ਉੱਚਾ ਦਰਜਾ ਦਿੱਤਾ ਹੈ ਜਿੱਥੇ ਮਨੂਸਮ੍ਰਿਤੀ ਵਿੱਚ ਇੱਕ ਪਾਸੇ ਔਰਤ ਨੂੰ ਅਣਪੜ੍ਹ ,ਗਵਾਰ ਅਤੇ ਪਸ਼ੂ ਨਾਲ ਤੁਲਣਾ ਕੀਤੀ ਹੈ ,ਉਥੇ ਇਸ ਦੇ ਸਤਿਕਾਰ ਵਿੱਚ ਵੀ ਪ੍ਰਸੈ ਸ਼ਖ਼ਸੀਅਤਾਂ ਦੁਆਰਾ ਬਹੁਤ ਕੁਝ ਕਿਹਾ ਗਿਆ ਹੈ । ਕਹਿੰਦੇ ਨੇ ਇੱਟਾਂ ਦੇ ਬਣੇ ਢਾਂਚੇ ਨੂੰ ਉਦੋਂ ਹੀ ਘਰ ਕਿਹਾ ਜਾਂਦਾ ਹੈ ਜਦ ਉਸ ਵਿੱਚ ਔਰਤ ਪ੍ਰਵੇਸ਼ ਕਰਦੀ ਹੈ। ਔਰਤ ਤੋਂ ਬਿਨਾਂ ਘਰ ਘਰ ਨਹੀਂ ਮਕਾਨ ਹੀ ਬਣਦਾ ਹੈ।ਔਰਤ ਆਦਮੀ ਦਾ ਹੌਸਲਾ ਹੁੰਦੀ ਹੈ 'ਤੇ ਜੀਵਨ ਦਾ ਇੱਕ ਪਹੀਆ । ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ;

****

ਸੋ ਕਿਉਂ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ।

****

ਅੰਗਰੇਜ਼ੀ ਦੀ ਇੱਕ ਕਹਾਵਤ ਹੈ ਕਿ;

***

ਹਰ ਕਾਮਯਾਬ ਆਦਮੀ ਪਿੱਛੇ ਕਿਸੇ ਔਰਤ ਦਾ ਹੱਥ ਹੁੰਦਾ ਹੈ।

***

ਇਸ ਤੋਂ ਇਲਾਵਾ michhle obama ਦੇ ਅਨੁਸਾਰ "The empowerment of women is key to unlocking the potential of nation" ਜੇਕਰ ਤੱਤ ਕੱਢੀਏ ਤਾਂ ਗੁਰੂ ਸਾਹਿਬ ਨੇ ਔਰਤ ਨੂੰ ਉੱਚਾ ਦਰਜਾ ਦਿੱਤਾ ਹੈ ਤੇ ਕਿਹਾ ਹੈ ਕਿ ਇਹ ਰਾਜੇ ਮਹਾਰਾਜਿਆਂ ਨੂੰ ਜਨਮ ਦਿੰਦੀ ਹੈ। ਇਸ ਨੂੰ ਮੰਦਾ ਨਹੀਂ ਬੋਲਣਾ ਚਾਹੀਦਾ। ਮਜ਼ਬੂਤ ਔਰਤ ਮਜ਼ਬੂਤ ਰਾਸ਼ਟਰ ਦਾ ਨਿਰਮਾਣ ਕਰ ਸਕਦੀ ਹੈ।

ਇਹ ਕਿਸੇ ਰਾਸ਼ਟਰ ਨੂੰ ਬਹੁਤ ਅੱਗੇ ਲੈਕੇ ਜਾ ਸਕਦੀ ਹੈ। ਕਿਉਂਕਿ ਜੇਕਰ ਮਾਂ ਮਜ਼ਬੂਤ ਤੇ ਪੜ੍ਹੀ ਲਿਖੀ ਹੋਵੇਗੀ ਤਾਂ ਪਰਿਵਾਰ ਪੜ੍ਹ ਜਾਂਦਾ ਹੈ। ਪੜ੍ਹਿਆ ਪਰਿਵਾਰ ਹੀ ਮਜ਼ਬੂਤ ਰਾਸ਼ਟਰ ਨਿਰਮਾਣ ਵਿੱਚ ਸਹਾਈ ਹੁੰਦਾ ਹੈ।

ਭੂਤਕਾਲ ਵਿੱਚ ਬਹੁਤ ਮਹਾਨ ਔਰਤਾਂ ਨੇ ਜਨਮ ਲਿਆ ਹੈ। ਜਿਹਨਾਂ ਨੇ ਆਪਣੀ ਯੋਗਤਾ ਤੇ ਸਿਆਣਪ ਨਾਲ ਦੁਨੀਆਂ ਨੂੰ ਨਵੀਂ ਦਿਸ਼ਾ ਦਿੱਤੀ ਹੈ। ਨਵੀਆਂ ਮੰਜ਼ਿਲਾਂ ਤਹਿ ਕੀਤੀਆਂ ਹਨ। ਮਦਰ ਟਰੈਸਾ , ਜਿਹੀਆਂ ਔਰਤਾਂ ਨੇ ਦੁਨੀਆ ਨੂੰ ਨਵੇਂ ਰਾਹ ਦੱਸੇ ਹਨ।

ਭਾਰਤ ਵਿੱਚ ਅਜੇ ਔਰਤ ਉਹ ਸਥਾਨ ਪ੍ਰਾਪਤ ਨਹੀਂ ਕਰ ਸਕੀ। ਉਸ ਨੂੰ ਪਹਿਲਾਂ ਪਿਤਾ ਭਾਈ ਫਿਰ ਪਤੀ ਫਿਰ ਪੁੱਤਰਾਂ ਅਧੀਨ ਹੀ ਜ਼ਿੰਦਗੀ ਬਤੀਤ ਕਰਨੀ ਪੈਂਦੀ ਤੇ ਘਰਾਂ ਦੇ ਅੰਦਰ ਹੀ ਕੰਮ ਕਰਦਿਆਂ ਉਹਨਾਂ ਦੀ ਸਾਰੀ ਉਮਰ ਗੁਜ਼ਰ ਜਾਂਦੀ ਹੈ। ਬੁਢਾਪੇ ਵਿੱਚ ਵੀ ਹਲਾਤ ਬਹੁਤੇ ਸਾਜ਼ਗਾਰ ਨਹੀਂ ਹੁੰਦੇ। ਕੰਮਕਾਜੀ ਔਰਤਾਂ ਉੱਤੇ ਵੀ ਜ਼ਿਆਦਾ ਬੋਝ ਹੁੰਦਾ ਹੈ , ਦਫ਼ਤਰੀ ਕੰਮ ਤੋਂ ਬਿਨਾਂ ਘਰ ਦੇ ਕੰਮ ਦਾ ਬੋਝ, ਬੱਚਿਆਂ ਦਾ ਪਾਲਣ ਪੋਸ਼ਣ, ਬਹੁਤ ਵੱਡੀ ਜ਼ਿੰਮੇਵਾਰੀ ਪੈ ਜਾਂਦੀ ਹੈ ਜਿਸ ਨਾਲ ਮਾਨਸਿਕ ਤਨਾਅ ਮਹਿਸੂਸ ਕਰਦੀਆਂ ਹਨ। ਉਪਰੋਂ ਕੰਮਕਾਜ ਵਾਲੀਆਂ ਥਾਵਾਂ ਵੀ ਬਹੁਤੀ ਵਾਰ ਸੁਰੱਖਿਅਤ ਨਹੀਂ ਹੁੰਦੀਆਂ।ਇਸ ਕਰਕੇ ਹਰ ਵਕਤ ਡਰ ਦਾ ਭੈਅ ਰਹਿੰਦਾ ਹੈ। ਉਪਰੋਂ ਕੰਮ ਦੇ ਘੰਟੇ ਤੇ ਘੱਟ ਤਨਖਾਹ ਇੱਕ ਵੱਖਰਾ ਵਿਸ਼ਾ ਹੈ। ਇਸ ਕੰਮ ਵਿੱਚ ਬਹੁਤੀ ਵਾਰ ਸਰਕਾਰ ਵੀ ਸ਼ੋਸ਼ਣ ਕਰਦੀ ਹੈ। ਉਹ ਘੱਟ ਤਨਖਾਹ ਤੇ ਔਰਤਾਂ ਦਾ ਸ਼ੋਸਣ ਕਰਦੀ ਹੈ।ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸਾਜ਼ਗਾਰ ਮਾਹੌਲ ਬਣਾਕੇ ਦੇਵੇ ।ਮਰਦ ਪ੍ਰਧਾਨ ਸਮਾਜ ਨੂੰ ਵੀ ਚਾਹੀਦਾ ਹੈ ਕਿ ਔਰਤ ਨੂੰ ਇੱਜ਼ਤ ਸਤਿਕਾਰ ਦੇਵੇ। ਉਸ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਹੋਣ ।ਉਹ ਪੈਰ ਦੀ ਜੁੱਤੀ ਨਾ ਹੋਕੇ ਸਿਰ ਦਾ ਤਾਜ ਬਣੇ। ਔਰਤਾਂ ਨੂੰ ਆਪ ਵੀ ਜਿੱਥੇ ਧੱਕਾ ਹੁੰਦਾ ਹੈ, ਬੋਲਣਾ ਚਾਹੀਦਾ ਹੈ। ਆਪਣੇ ਹੱਕ ਨਿਧੜਕ ਹੋ ਕੇ ਮੰਗਣੇ ਚਾਹੀਦੇ ਹਨ। ਉਸ ਨੂੰ ਆਪ ਲੜਣਾ ਪਵੇਗਾ ਫਿਰ ਹੀ ਸਤਿਕਾਰ ਪ੍ਰਾਪਤ ਹੋਵੇਗਾ। ਇਸ ਮਹਿਲਾ ਦਿਵਸ ਤੇ ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਅਸੀਂ ਸਮਾਜ ਦੇ ਨਾਗਰਿਕ ਉਸ ਨੂੰ ਬਰਾਬਰ ਦਾ ਦਰਜਾ ਦਈਏ ਜਿੱਥੇ ਉਸ ਨਾਲ ਧੱਕਾ ਹੁੰਦਾ ਹੈ, ਉਸ ਧੱਕੇ ਬੇਇਨਸਾਫ਼ੀ ਖਿਲਾਫ ਔਰਤਾਂ ਦਾ ਸਾਥ ਦੇਈਏ ,ਇਹ ਹੀ ਉਸ ਲਈ ਸੱਚੀ ਸੇਵਾ ਹੋਵੇਗੀ। ਉਸਨੂੰ ਅਧਿਕਾਰ, ਸਮਾਨਤਾ, ਸਸ਼ਕਤੀਕਰਨ ਦਾ ਪ੍ਰਬੰਧ ਕਰਕੇ ਸਮਾਜ ਵਿੱਚ ਉੱਚਾ ਦਰਜ਼ਾ ਦਿੱਤਾ ਜਾ ਸਕੇ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com



Edmonton
Parminder Singh Balluana
780-258-5800
780 599 2000
Email: balluana.parminder@gmail.com



Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਇੱਕ ਰੌਸ਼ਨ ਹਸਤੀ ਦੀ ਸੌਵੀਂ ਵਰ੍ਹੇਗੰਢ



ਡਾ. ਰਾਜਵੰਤ ਕੌਰ ਪ੍ਰੀਤ ਮਾਨ
ਕੈਲਗਰੀ, ਕੈਨੇਡਾ
ਫੋਨ - 778- 863-9890

ਜਨਵਰੀ, 2025 ਦੀ ਆਸਾਂਮੱਤੀ 'ਪ੍ਰੀਤ ਲੜੀ' ਫਰਵਰੀ ਦੇ ਪਹਿਲੇ ਹਫ਼ਤੇ ਕੈਲਗਰੀ (ਕੈਨੇਡਾ) ਦੇ ਬਰਫੀਲੇ ਦਿਨ ਮੇਰੇ ਹੱਥ ਆਈ। ਇਸ ਦੇ ਸੰਪਾਦਕੀ ਨੂੰ ਚਾਈਂ ਚਾਈਂ ਪੜ੍ਹਦਿਆਂ ਰੂਹ ਉੱਚੇ ਮੰਡਲੀਂ ਉੱਡਣ ਲੱਗੀ ਜਦ ਪੂਨਮ ਸਿੰਘ ਦੇ ਦਿਲ ਟੁੰਬਦੇ ਸ਼ਬਦ 'ਨਵੇਂ ਸਾਲ ਵਿਚ ਸੋਚ ਅਤੇ ਕਾਇਆਕਲਪ ਲਈ ਚਾਹ' ਪੜ੍ਹੇ। ਅੱਗੇ ਨਵਤੇਜ ਸਿੰਘ ਦੀ ਸੌਵੀਂ ਵਰ੍ਹੇਗੰਢ ਮਨਾਉਣ ਦੀ ਯੋਜਨਾ ਬਾਰੇ ਪੜ੍ਹਿਆ ਤਾਂ ਉਸ ਰੌਸ਼ਨ ਹਸਤੀ ਦੀ ਪ੍ਰੋ. ਨਿਰੰਜਣ ਸਿੰਘ ਮਾਨ ਨਾਲ਼ ਲੰਮੀ ਸਾਂਝ ਦੀ ਲੜੀ ਮਨ ਵਿਚ ਚੱਲ ਪਈ। ਪੰਜਾਬ ਦੀ ਵੰਡ ਤੋਂ ਪਹਿਲਾਂ ਜਦ ਪ੍ਰੀਤਨਗਰ ਘੁੱਗ ਵਸਦਾ ਸੀ ਤਾਂ ਖਾਲਸਾ ਕਾਲਜ ਲਾਇਲਪੁਰ ਤੋਂ ਦੋ ਮਿੱਤਰਾਂ ਦੀ ਜੋੜੀ ਛੁੱਟੀਆਂ ਕੱਟਣ ਪ੍ਰੀਤਨਗਰ ਆਉਂਦੀ। ਇੱਥੋਂ ਦੇ ਆਦਰਸ਼ਕ ਮਾਹੌਲ ਵਿਚ ਅਗਾਂਹਵਧੂ ਵਿਚਾਰ ਤੇ ਇਨਕਲਾਬੀ ਸੋਚ ਨਾਲ਼ ਸਾਂਝ ਪਾਉਂਦੀ ਸੀ। ਇਹ ਜੋੜੀ ਹਰਸ਼ਰਨ ਤੇ ਨਿਰੰਜਣ ਮਿੱਤਰਾਂ ਦੀ ਸੀ। ਸਰਦਾਰ ਗੁਰਬਖ਼ਸ਼ ਸਿੰਘ ਜੀ ਦੇ ਅਗਾਂਹਵਧੂ, ਸਾਵੀਂ-ਪੱਧਰੀ ਜ਼ਿੰਦਗੀ ਜਿਉਣ ਤੇ ਜੀਵਨ-ਚੰਗਿਆੜੀ ਭਖਦੀ ਰੱਖਣ ਦੀ ਸੂਝ-ਬੂਝ ਨਾਲ਼ ਅਤੇ ਵੀਰ ਨਵਤੇਜ ਸਿੰਘ ਦੀ ਇਨਕਲਾਬੀ ਸੋਚ ਵਾਲ਼ੀ ਗੂਹੜੀ ਮਿੱਤਰਤਾ ਨਾਲ਼ ਸਰਸ਼ਾਰ ਹੋ ਕੇ ਆਪਣੇ ਕਾਲਜ ਮੁੜ ਜਾਂਦੇ। ਉਨ੍ਹਾਂ ਨੇ ਅੰਤ ਤੱਕ ਇਸੇ ਸੋਚ ਨੂੰ ਪ੍ਰਣਾਈ ਰੱਖਿਆ ਅਤੇ ਪ੍ਰੀਤਨਗਰ ਪਰਿਵਾਰ ਦੇ ਨਾਲ਼ ਪੱਕੀ ਸਾਂਝ ਬਰਕਰਾਰ ਰਹੀ।

ਸੰਨ 1947 ਵਿਚ ਪੰਜਾਬ-ਵੰਡ ਦੀ ਹਨੇਰੀ ਨਾਲ਼ ਪ੍ਰੀਤਨਗਰ ਉੱਜੜ ਗਿਆ। ਪਰਿਵਾਰ ਆਰਜ਼ੀ ਤੌਰ 'ਤੇ ਦਿੱਲੀ ਮਹਿਰੌਲੀ ਦੇ ਨੇੜੇ ਜਾ ਵਸਿਆ। ਉੱਥੇ ਵੀ ਪ੍ਰੀਤ-ਮਿਲਣੀਆਂ ਸਮੇਂ ਨਿਰੰਜਣ ਸਿੰਘ ਪਰਿਵਾਰ ਨੂੰ ਮਿਲਦੇ ਰਹੇ ਜੋ ਉਦੋਂ ਕੈਂਪ ਕਾਲਜ ਦਿੱਲੀ ਵਿਖੇ ਮਨੋਵਿਗਿਆਨ ਦੀ ਐਮ. ਏ. ਕਰ ਰਹੇ ਸਨ। ਟਿਕ-ਟਿਕਾ ਹੋਣ ਤੋਂ ਬਾਅਦ ਅਣਥੱਕ ਯਤਨਾਂ ਨਾਲ਼ ਪ੍ਰੀਤਨਗਰ ਫਿਰ ਵਸ ਗਿਆ, ਭਾਵੇਂ ਪਹਿਲਾਂ ਵਰਗਾ ਨਾ ਬਣ ਸਕਿਆ। ਪ੍ਰੀਤ ਲੜੀ ਰਸਾਲਾ ਲਗਾਤਾਰ ਚਾਲੂ ਰਿਹਾ। ਦਾਰ ਜੀ (ਗੁਰਬਖ਼ਸ਼ ਸਿੰਘ) ਅਤੇ ਨਵਤੇਜ ਸਿੰਘ ਤੋਂ ਬਾਅਦ ਸੁਮੀਤ ਸਿੰਘ ਨੇ ਪ੍ਰੀਤ ਲੜੀ ਨੂੰ ਸਮੇਂ ਦੇ ਹਾਣ ਦੀ ਬਨਾਉਣ ਲਈ ਮਿਹਨਤ ਕੀਤੀ। ਹੁਣ ਪੂਨਮ ਸਿੰਘ ਅਤੇ ਰਤੀਕੰਤ ਸਿੰਘ ਪਰਿਵਾਰ ਅਤੇ ਪਾਠਕਾਂ ਦੇ ਸਹਿਯੋਗ ਨਾਲ਼ ਪ੍ਰੀਤ ਲੜੀ ਨੂੰ ਸਮੇਂ ਦੀਆਂ ਚੁਣੌਤੀਆਂ ਕਬੂਲ ਕਰ ਕੇ, ਬੜੀ ਘਾਲਣਾ ਘਾਲ ਕੇ ਬਦਲ ਰਹੀਆਂ ਪ੍ਰਿਸਥਿਤੀਆਂ ਅਨੁਸਾਰ ਸਮੇ ਦੇ ਹਾਣ ਦਾ ਬਣਾ ਰਹੇ ਹਨ। ਪੂਨਮ ਦੀ ਕਲਮ ਦੀ ਨੋਕ ਬੜੀ ਤਿੱਖੀ ਤੇ ਸਮੇ ਦੀਆਂ ਮਾਰੂ ਹਾਲਤਾਂ ਲਈ ਵੰਗਾਰ ਹੈ। ਪ੍ਰੀਤ ਲੜੀ ਵਿਚ ਨਵਤੇਜ ਸਿੰਘ ਦੀਆਂ ਕਹਾਣੀਆਂ ਪੜ੍ਹਦੇ ਸਾਂ। ਉਨ੍ਹਾਂ ਦੇ ਕਾਲਮ 'ਮੇਰੀ ਧਰਤੀ ਮੇਰੇ ਲੋਕ' ਅਤੇ 'ਮੇਰੇ ਝਰੋਖੇ 'ਚੋਂ' ਬੜੀ ਉਤਸੁਕਤਾ ਨਾਲ ਪੜ੍ਹੇ ਜਾਂਦੇ ਸਨ। ਸਾਰੀਆਂ ਕਹਾਣੀਆਂ ਦਾ ਸੰਗ੍ਰਹਿ 'ਬਹਾਰ ਆਉਣ ਤੱਕ' ਉਨ੍ਹਾਂ ਦੀ ਸੁਪਤਨੀ ਮੁਹਿੰਦਰ ਕੌਰ ਜੀ ਨੇ ਸੰਨ 2003 ਵਿਚ ਛਪਵਾ ਕੇ ਪੰਜੀਹੀ ਸਾਹਿਤ ਵਿਚ ਵਡਮੁੱਲਾ ਵਾਧਾ ਕੀਤਾ ਹੈ। ਮੈਨੂੰ ਯਾਦ ਹੈ ਨਵਤੇਜ ਸਿੰਘ ਜੀ ਪ੍ਰੀਤਨਗਰ ਘੱਟ ਹੀ ਮਿਲਦੇ ਸਨ, ਅਕਸਰ ਰੂਸ ਜਾਂ ਕਿਸੇ ਹੋਰ ਮੁਲਕ ਵਿਚ ਜਾਂਦੇ ਹੀ ਰਹਿੰਦੇ ਸਨ। ਸੰਤ-ਸੁਭਾਅ ਵਾਲ਼ੇ ਕਿਸੇ ਨਾ ਕਿਸੇ ਮੁਲਕ ਦੀ ਫੇਰੀ ਉੱਤੇ ਹੀ ਰਹਿੰਦੇ। ਮੁਹਿੰਦਰ ਕੌਰ ਭੈਣ ਜੀ ਘਰ ਪਰਿਵਾਰ ਦੀ ਸੰਭਾਲ਼ ਤੇ ਬੱਚਿਆਂ ਦੀ ਪ੍ਰਵਰਿਸ਼ ਕਰਦੇ, ਉਡੀਕ ਵਿਚ ਗਿਣ-ਗਿਣ ਦਿਨ ਲੰਘਾਉਂਦੇ। ਅਸੀਂ ਹਰ ਪ੍ਰੀਤ-ਮਿਲਣੀ 'ਤੇ ਜਾਂ ਹੋਰ ਕਿਸੇ ਪ੍ਰੋਗਰਾਮ ਸਮੇਂ ਜ਼ਰੂਰ ਪ੍ਰੀਨਗਰ ਜਾਂਦੇ ਹੁੰਦੇ ਸੀ। ਸਾਰੇ ਪਰਿਵਾਰ ਨਾਲ਼ ਗੂੜ੍ਹੀ ਸਾਂਝ ਬਣਦੀ ਗਈ ਜੋ ਅੱਜ ਤੱਕ ਕਾਇਮ ਹੈ। ਤਕਰੀਬਨ 1964-65 ਹੋਵੇਗਾ ਜਦੋਂ ਪ੍ਰੋ. ਨਿਰੰਜਣ ਸਿੰਘ ਰਿਪੁਦਮਨ ਕਾਲਜ ਨਾਭਾ ਵਿਖੇ ਲੈਕਚਰਾਰ ਸਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵਿਖੇ ਕਿਸੇ ਸਮਾਗਮ 'ਤੇ ਵੀਰ ਨਵਤੇਜ ਸਿੰਘ ਤੇ ਨਿਰੰਜਣ ਸਿੰਘ ਮਾਨ ਮਿਲ ਪਏ। ਉਹ ਰਾਤ ਨੂੰ ਘਰ ਆਏ ਤਾਂ ਨਵਤੇਜ ਸਿੰਘ ਵੀਰ ਜੀ ਨੂੰ ਵੇਖ ਕੇ ਮੈਨੂੰ ਖ਼ੁਸ਼ੀ ਭਰੀ ਹੈਰਾਨੀ ਹੋਈ। ਰਾਤ ਸਾਡੇ ਨਾਲ਼ ਇਸ ਤਰ੍ਹਾਂ ਰਹੇ ਜਿਵੇਂ ਘਰ ਦੇ ਮੈਂਬਰ ਹੋਣ। ਦੋਵੇਂ ਮਿੱਤਰ ਦੇਰ ਰਾਤ ਤੱਕ ਗੱਲਾਂ ਕਰਦੇ ਰਹੇ। ਰਤੀਕੰਤ ਨੇ ਵੀ ਇੱਕ ਥਾਂ ਲਿਖਿਆ ਹੈ ਕਿ ਭਾਪਾ ਜੀ ਕਈ ਘਰਾਂ ਵਿਚ ਆਪਣੇ ਘਰ ਦੇ ਮੈਂਬਰਾਂ ਵਾਂਗ ਰਹਿੰਦੇ ਸਨ। ਮੈਂ ਉਨ੍ਹਾਂ ਦਾ ਮਿਲਾਪੜੇ ਸੁਭਾਅ ਵਾਲ਼ਾ ਇਹ ਰੂਪ ਉਦੋਂ ਪਹਿਲੀ ਵਾਰ ਵੇਖਿਆ। ਇਹ ਇੱਕ ਖ਼ੁਸ਼ਗਵਾਰ ਇਤਫ਼ਾਕ ਸੀ। ਉਹ ਇੱਕ ਸੰਤ-ਸੁਭਾਅ, ਸੰਤ-ਸਰੂਪ ਇਨਸਾਨ ਸਨ ਪਰ ਨਾ-ਮੁਰਾਦ ਬੀਮਾਰੀ ਨਾਲ਼ ਅੰਤਾਂ ਦੀ ਤਕਲੀਫ਼ ਸਹਿਣੀ ਪਈ। ਹਰ ਜਾਨਣ ਵਾਲ਼ਾ ਦੁਆਵਾਂ ਕਰਦਾ ਸੀ ਪਰ ਤੰਦਰੁਸਤੀ ਨਾ ਹੋ ਸਕੀ। ਦੋਸਤ ਤੇ ਰਿਸ਼ਤੇਦਾਰ ਪੀ.ਜੀ.ਆਈ. ਵਿਖੇ ਜਾ ਕੇ ਉਨ੍ਹਾਂ ਨੂੰ ਮਿਲ ਕੇ ਹੌਸਲਾ ਦਿੰਦੇ ਕਹੇ। ਪ੍ਰੋ. ਨਿਰੰਜਣ ਸਿੰਘ ਮਾਨ ਉਨ੍ਹਾਂ ਨੂੰ ਮਿਲ ਕੇ ਭਰੇ ਮਨ ਨਾਲ਼ ਵਾਪਸ ਆਏ। ਹਰ ਤਰ੍ਹਾਂ ਦਾ ਵਧੀਆ ਇਲਾਜ ਹੋਣ ਦੇ ਬਾਵਜੂਦ ਆਖਰ ਉਮਰ ਦੀ ਡੋਰ ਟੁੱਟ ਗਈ। ਪਰਿਵਾਰ ਨੂੰ ਰੋਂਦਾ ਛੱਡ ਗਏ। ਪ੍ਰੀਤਨਗਰ ਵਸਦਾ ਰਹੇਗਾ, ਪ੍ਰੀਤ ਲੜੀ ਛਪਦੀ ਰਹੇਗੀ, ਇਸ ਦੀਆਂ ਬਾਨੀ ਹਸਤੀਆਂ ਦੀ ਯਾਦ ਸਦਾ ਕਾਇਮ ਰਹੇਗੀ। ਨਵਤੇਜ ਸਿੰਘ ਦੀ ਵਿਚਾਧਾਰਾ ਅਤੇ ਸੋਚ ਹਜ਼ਾਰਾਂ ਨੂੰ ਪ੍ਰੇਰਣਾ ਦਿੰਦੀ ਰਹੇਗੀ।

# ਭਾਰਤ ਦਾ ਇੱਕ ਧਾਰਮਿਕ ਫਿਰਕਾ ਜਿਸ ਵਿੱਚ ਕੋਈ ਵੀ ਅਨਪੜ੍ਹ ਜਾਂ ਗਰੀਬ ਨਹੀਂ ਹੈ



ਬਲਰਾਜ ਸਿੰਘ ਸਿੱਧੂ
ਏ.ਆਈ.ਜੀ.(ਰਿਟਾ)
ਮੋ. 9501100062

ਪਾਰਸੀ ਇੱਕ ਛੋਟਾ ਜਿਹਾ ਧਾਰਮਿਕ ਫਿਰਕਾ ਹੈ ਜਿਸ ਦੇ ਪੈਰੋਕਾਰਾਂ ਦੀ ਅਬਾਦੀ ਭਾਰਤ ਵਿੱਚ 100000 ਅਤੇ ਪਾਕਿਸਤਾਨ ਵਿੱਚ 2500 ਦੇ ਕਰੀਬ ਹੈ। ਪਾਰਸੀ 6ਵੀਂ ਸਦੀ ਈਸਾ ਪੂਰਵ ਵਿੱਚ ਪੈਗੰਬਰ ਜ਼ੋਰੋਸਤਰ ਦੁਆਰਾ ਸ਼ੁਰੂ ਕੀਤੇ ਗਏ ਜ਼ੋਰੋਸਤਰੀਆ ਧਰਮ ਨੂੰ ਮੰਨਦੇ ਹਨ ਤੇ ਜ਼ੇਂਦ ਅਵਸਤਾ ਇਨ੍ਹਾਂ ਦਾ ਧਰਮ ਗ੍ਰੰਥ ਹੈ। ਜ਼ੋਰੋਸਤਰੀਆ ਇੱਕ ਈਸ਼ਵਰਵਾਦ ਨੂੰ ਮੰਨਣ ਵਾਲਾ ਸੰਸਾਰ ਦਾ ਪਹਿਲਾ ਧਰਮ ਹੈ ਜੋ 7ਵੀਂ ਸਦੀ ਈਸਾ ਪੂਰਵ ਤੋਂ ਸੰਨ 654 ਈਸਵੀ ਵਿੱਚ ਮੁਸਲਮਾਨਾਂ ਦੇ ਕਬਜ਼ੇ ਤੱਕ ਤਕਰੀਬਨ 1100 ਸਾਲ ਇਰਾਨ ਦਾ ਰਾਜ ਧਰਮ ਰਿਹਾ ਸੀ। ਜਦੋਂ ਅਰਬਾਂ ਨੇ ਇਰਾਨ ਦਾ ਇਸਲਾਮੀਕਰਨ ਸ਼ੁਰੂ ਕੀਤਾ ਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਪਾਰਸੀ ਭਾਰਤ ਵੱਲ ਪ੍ਰਵਾਸ ਕਰ ਗਏ ਤੇ ਸਭ ਤੋਂ ਪਹਿਲਾਂ ਇਨ੍ਹਾਂ ਨੇ ਸੂਰਤ ਸ਼ਹਿਰ (ਗੁਜਰਾਤ) ਨੂੰ ਆਪਣਾ ਟਿਕਾਣਾ ਬਣਾਇਆ। ਇਰਾਨ ਦਾ ਇੱਕ ਨਾਮ ਫਾਰਸ (ਇੰਗਲਿਸ਼ ਵਿੱਚ ਪਰਸ਼ੀਆ) ਹੈ ਜਿਸ ਕਾਰਨ ਇਰਾਨ ਤੋਂ ਆਏ ਇਨ੍ਹਾਂ ਲੋਕਾਂ ਨੂੰ ਪਹਿਲਾਂ ਫਾਰਸੀ ਕਿਹਾ ਜਾਂਦਾ ਸੀ ਜੋ ਹੌਲੀ ਹੌਲੀ ਵਿਗੜ ਕੇ ਪਾਰਸੀ ਬਣ ਗਿਆ। ਸਦੀਆਂ ਤੋਂ ਪਾਰਸੀ ਭਾਰਤੀ ਸਮਾਜ ਵਿੱਚ ਸੁੱਖ ਸ਼ਾਂਤੀ ਨਾਲ ਰਹਿ ਰਹੇ ਹਨ ਪਰ ਇਨ੍ਹਾਂ ਨੇ ਆਪਣੇ ਧਰਮਿਕ ਅਤੇ ਸਮਾਜਿਕ ਰੀਤੀ ਰਿਵਾਜ਼ਾਂ 'ਤੇ ਸਖਤੀ ਨਾਲ ਪਹਿਰਾ ਦਿੱਤਾ ਹੈ। ਪਾਰਸੀਆਂ ਵਿੱਚ ਵਿੱਚ ਦੋ ਫਿਰਕੇ ਪਾਏ ਜਾਂਦੇ ਹਨ ਪਹਿਲੇ ਉਹ, ਜਿੰਨ੍ਹਾਂ ਦੇ ਪੂਰਵਜ਼ ਇਰਾਨ ਤੋਂ ਆਏ ਸਨ ਤੇ ਦੂਸਰੇ ਉਹ ਜੋ ਕਿਸੇ ਹੋਰ ਫਿਰਕੇ ਦੇ ਹਨ ਤੇ ਨਾਵਜੋਤੇ ਧਾਰਮਿਕ ਵਿਧੀ ਨਾਲ ਧਰਮ ਪ੍ਰੀਵਰਤਨ ਕਰ ਕੇ ਪਾਰਸੀ ਬਣੇ ਹਨ। ਅਜਿਹੇ ਲੋਕਾਂ ਨਾਲ ਕਿਸੇ ਵੀ ਤਰਾਂ ਦਾ ਭੇਦ ਭਾਵ ਨਹੀਂ ਕੀਤਾ ਜਾਂਦਾ। ਕੁਝ ਕੱਟੜ ਪਾਰਸੀਆਂ ਦਾ ਵਿਚਾਰ ਹੈ ਕਿ ਪਾਰਸੀ ਹੋਣ ਲਈ ਬੱਚੇ ਦੇ ਪਿਤਾ ਦਾ ਪਾਰਸੀ ਹੋਣਾ ਜਰੂਰੀ ਹੈ ਪਰ ਨਰਮ ਪੰਥੀਆਂ ਦਾ ਵਿਚਾਰ ਹੈ ਕਿ ਇਸ ਸ਼ਰਤ ਨਾਲ ਪੈਗੰਬਰ ਜ਼ੋਰੋਸਤਰ ਦੇ ਔਰਤ ਤੇ ਮਰਦ ਦੀ ਬਰਾਬਰੀ ਦੇ ਸਿਧਾਂਤ ਦੀ ਉਲੰਘਣਾ ਹੁੰਦੀ ਹੈ। ਇਸ ਲਈ ਬੱਚੇ ਦੇ ਪਾਰਸੀ ਹੋਣ ਲਈ ਮਾਂ ਜਾਂ ਬਾਪ ਵਿੱਚੋਂ ਕੋਈ ਵੀ ਪਾਰਸੀ ਹੋ ਸਕਦਾ ਹੈ। ਇਹ ਭਾਰਤ ਦਾ ਇੱਕੋ ਇੱਕ ਧਾਰਮਿਕ ਫਿਰਕਾ ਹੈ ਜਿਸ ਦੀ ਅਬਾਦੀ ਚਿੰਤਾਜਨਕ ਹੱਦ ਤੱਕ ਘਟ ਰਹੀ ਹੈ। 1911 ਦੀ ਜਨਗਣਨਾ ਮੁਤਾਬਕ ਭਾਰਤ ਵਿੱਚ ਪਾਰਸੀਆਂ ਦੀ ਅਬਾਦੀ 100096 ਸੀ ਜੋ 2011 ਦੀ ਜਨਗਣਨਾ ਮੁਤਾਬਕ ਘਟ ਕੇ ਸਿਰਫ 57264 ਰਹਿ ਗਈ ਹੈ। ਇਸ ਦਾ ਮੁੱਖ ਕਾਰਨ ਇੰਗਲੈਂਡ, ਆਸਟਰੇਲੀਆ, ਕੈਨੇਡਾ ਅਤੇ ਅਮਰੀਕਾ ਆਦਿ ਦੇਸ਼ਾਂ ਵੱਲ ਪ੍ਰਵਾਸ ਅਤੇ ਨੌਜਵਾਨਾਂ ਵਿੱਚ ਬੱਚੇ ਪੈਦਾ ਨਾ ਕਰਨ ਦਾ ਰੁਝਾਨ ਹੈ। 2026 ਵਿੱਚ ਇਨ੍ਹਾਂ ਦੀ ਅਬਾਦੀ ਘਟ ਕੇ 23000 ਹੋ ਜਾਣ ਦਾ ਖਤਰਾ ਹੈ। ਇਸ ਵੇਲੇ ਪਾਰਸੀਆਂ ਦੀ 47% ਅਬਾਦੀ 60 ਸਾਲ ਤੋਂ ਵੱਧ ਉਮਰ ਦੀ ਹੈ। ਇਨ੍ਹਾਂ ਦੀ ਜਨਮ ਦਰ ਵੀ ਬਹੁਤ ਘੱਟ ਹੈ, 1000 ਵਿਅਕਤੀਆਂ ਪਿੱਛੇ ਸਿਰਫ 7 ਜਨਮ ਸਲਾਨਾ। ਇਸ ਤੋਂ ਇਲਾਵਾ ਔਰਤ ਅਤੇ ਮਰਦ ਦਾ ਅਨੁਪਾਤ ਵੀ ਬਹੁਤ ਘੱਟ ਹੈ। 1050 ਔਰਤਾਂ ਦੇ ਮੁਕਾਬਲੇ ਸਿਰਫ 876 ਮਰਦ ਹਨ। ਭਾਰਤ ਵਿੱਚ ਬ੍ਰਿਟਿਸ਼ ਰਾਜ ਤੋਂ ਪਹਿਲਾਂ ਪਾਰਸੀ ਖੇਤੀਬਾੜੀ ਅਤੇ ਹੋਰ ਛੋਟੇ ਮੋਟੇ ਕੰਮ ਧੰਦੇ ਕਰਦੇ ਸਨ ਤੇ ਜਿਆਦਤਰ ਅਨਪੜ੍ਹ ਸਨ। ਇਹ ਸਮਝਿਆ ਜਾਂਦਾ ਸੀ ਕਿ ਲਿਖਾਈ ਪੜ੍ਹਾਈ ਸਿਰਫ ਉਨ੍ਹਾਂ ਲੋਕਾਂ ਲਈ ਜਰੂਰੀ ਹੈ ਜੋ ਪੁਜਾਰੀ ਬਣਨਾ ਚਾਹੁੰਦੇ ਸਨ। ਬ੍ਰਿਟਿਸ਼ ਰਾਜ ਵਿੱਚ ਪਾਰਸੀਆਂ ਨੇ ਹੈਰਾਨੀ ਜਨਕ ਤਰੱਕੀ ਕੀਤੀ ਤੇ ਇੰਗਲਿਸ਼ ਸਕੂਲਾਂ ਵਿੱਚ ਵਿਦਿਆ ਹਾਸਲ ਕਰ ਕੇ ਚੋਟੀਆਂ ਦੀਆਂ ਸਰਕਾਰੀ ਨੌਕਰੀਆਂ ਹਾਸਲ ਕਰ ਲਈਆਂ। ਪਾਰਸੀ ਪਿੰਡਾਂ ਨੂੰ ਛੱਡ ਕੇ ਮੁੰਬਈ ਵਰਗੇ ਵੱਡੇ ਸ਼ਹਿਰਾਂ ਵਿੱਚ ਵੱਸ ਗਏ ਤੇ ਆਪਣੇ ਇਮਾਨਦਾਰ ਸੁਭਾਅ ਅਤੇ ਸਖਤ ਮਿਹਨਤ ਕਾਰਨ ਅੰਗਰੇਜ਼ਾਂ ਦੇ ਵਿਸ਼ਵਾਸ਼ਪਾਤਰ ਬਣ ਗਏ। ਉਨ੍ਹਾਂ ਦੀ ਛਤਰ ਛਾਇਆ ਹੇਠ ਸਭ ਤੋਂ ਪਹਿਲਾ ਲੱਖਪਤੀ ਬਣਨ ਵਾਲਾ ਵਿਅਕਤੀ ਸੇਠ ਰੁਸਤਮ ਮਾਣਕ ਸੀ ਜਿਸ ਨੂੰ ਈਸਟ ਇੰਡੀਆ ਕੰਪਨੀ ਨੇ ਮੁੰਬਈ ਵਿਖੇ ਆਪਣਾ ਵਪਾਰਿਕ ਏਜੰਟ ਨਿਯੁਕਤ ਕੀਤਾ ਸੀ। 18ਵੀਂ ਸਦੀ ਦੇ ਖਤਮ ਹੁੰਦੇ ਹੁੰਦੇ ਮੁੰਬਈ ਅਤੇ ਸੂਰਤ ਵਿਖੇ ਈਸਟ ਇੰਡੀਆ ਕੰਪਨੀ ਦਾ ਸਾਰਾ ਵਪਾਰ ਪਾਰਸੀ ਏਜੰਟਾਂ ਰਾਹੀਂ ਹੋਣ ਲੱਗ ਪਿਆ ਸੀ। ਉਨ੍ਹਾਂ ਵਿੱਚੋਂ ਕਈ ਤਾਂ ਸਮੁੰਦਰੀ ਜਹਾਜ਼ ਕੰਪਨੀਆਂ ਦੇ ਮਾਲਕ ਬਣ ਗਏ ਤੇ ਭਾਰਤ ਅਤੇ ਚੀਨ ਦਰਮਿਆਨ ਹੋਣ ਵਾਲੇ ਰੇਸ਼ਮ, ਕਪਾਹ, ਲੱਕੜੀ ਅਤੇ ਅਫੀਮ ਦੇ ਵਪਾਰ ਤੋਂ ਕਰੋੜਾਂ ਰੁਪਏ ਦਾ ਮੁਨਾਫਾ ਕਮਾਇਆ। ਪਾਰਸੀ ਆਪਣੇ ਸਹਿ ਧਰਮੀਆਂ ਦਾ ਬਹੁਤ ਖਿਆਲ ਰੱਖਦੇ ਹਨ। ਪੁਰਾਣੇ ਸਮੇਂ ਵਿੱਚ ਜੇ ਕੋਈ ਪਾਰਸੀ ਗਰੀਬ ਹੋ ਜਾਂਦਾ ਸੀ ਤਾਂ ਹਰੇਕ ਪਾਰਸੀ ਉਸ ਨੂੰ ਇੱਕ ਰੁਪਿਆ ਤੇ ਇੱਕ ਇੱਟ ਮਦਦ ਵਜੋਂ ਦੇਂਦੇ ਸਨ ਤਾਂ ਜੋ ਇੱਟਾਂ ਨਾਲ ਉਹ ਆਪਣਾ ਘਰ ਉਸਾਰ ਲਵੇ ਤੇ ਪੈਸੇ ਨਾਲ ਮੁੜ ਆਪਣੇ ਪੈਰਾਂ ਸਿਰ ਹੋ ਜਾਵੇ। ਹੌਲੀ ਹੌਲੀ ਵਪਾਰ ਤੋਂ ਕਮਾਏ ਪੈਸੇ ਨਾਲ ਕਈ ਵਪਾਰਿਕ ਘਰਾਣੇ ਜਿਵੇਂ ਸੋਰਾਬਜੀ, ਮੋਦੀ, ਕਾਮਾ, ਵਾਡੀਆ, ਜੀਜਾਭਾਈ, ਪਟੇਲ, ਮਹਿਤਾ ਅਤੇ ਟਾਟਾ ਆਦਿ ਭਾਰਤ ਭਰ ਵਿੱਚ ਪ੍ਰਸਿੱਧ ਹੋ ਗਏ। ਇਨ੍ਹਾਂ ਸੇਠਾਂ ਨੇ ਆਪਣੀ ਕਮਿਊਨਟੀ ਦੀ ਭਲਾਈ ਲਈ ਸੈਂਕੜੇ ਸਕੂਲ, ਕਾਲਜ, ਹਸਪਤਾਲ ਅਤੇ ਸਹਾਇਤਾ ਫੰਡ ਕਾਇਮ ਕੀਤੇ ਤਾਂ ਜੋ ਕੋਈ ਵੀ ਪਾਰਸੀ ਅਨਪੜ੍ਹ ਜਾਂ ਗਰੀਬ ਨਾ ਰਹਿ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਨੇ ਪਾਰਸੀਆਂ ਨੂੰ ਆਪਣੀਆਂ ਫੈਕਟਰੀਆਂ ਅਤੇ ਦਫਤਰਾਂ ਆਦਿ ਵਿੱਚ ਨੌਕਰੀ ਦੇਣ ਵਿੱਚ ਪਹਿਲ ਦਿੱਤੀ ਜਿਸ ਕਾਰਨ ਇਸ ਵੇਲੇ ਕੋਈ ਵੀ ਪਾਰਸੀ ਐਨਾ ਗਰੀਬ ਨਹੀਂ ਹੈ ਕਿ ਦੋ ਵਕਤ ਦੀ ਰੋਟੀ ਵੀ ਨਾ ਕਮਾ ਸਕੇ। ਪਾਰਸੀਆਂ ਵਿੱਚ ਮ੍ਰਿਤਕਾਂ ਦਾ ਅੰਤਿਮ ਸੰਸਕਾਰ ਦੁਨੀਆਂ ਦੇ ਸਭ ਧਰਮਾਂ ਨਾਲੋਂ ਅਲੱਗ ਅਤੇ ਅਜੀਬ ਹੈ। ਦੁਨੀਆਂ ਭਰ ਵਿੱਚ ਮ੍ਰਿਤਕਾਂ ਨੂੰ ਜਾਂ ਤਾਂ ਜਲਾਇਆ ਜਾਂਦਾ ਹੈ ਤੇ ਜਾਂ ਕਬਰ ਵਿੱਚ ਦਫਨਾਇਆ ਜਾਂਦਾ ਹੈ। ਪਰ ਪਾਰਸੀ ਹਵਾ, ਧਰਤੀ, ਅੱਗ ਅਤੇ ਪਾਣੀ ਨੂੰ ਪਵਿੱਤਰ ਮੰਨਦੇ ਹਨ ਤੇ ਇਹ ਨਹੀਂ ਚਾਹੁੰਦੇ ਕਿ ਮ੍ਰਿਤਕ ਦੇ ਅੰਤਿਮ ਸੰਸਕਾਰ ਕਾਰਨ ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਹਾਨੀ ਪਹੁੰਚੇ। ਇਸ ਲਈ ਧਾਰਮਿਕ ਕਿਰਿਆਵਾਂ ਕਰਨ ਤੋਂ ਬਾਅਦ ਲਾਸ਼ ਨੂੰ ਸ਼ਾਂਤੀ ਦੇ ਮੰਦਰ ਦੀ ਛੱਤ 'ਤੇ ਰੱਖ ਦਿੱਤਾ ਜਾਂਦਾ ਹੈ ਜਿੱਥੇ ਗਿਰਝਾਂ ਤੇ ਹੋਰ ਮਾਸਖੋਰੇ ਪੰਛੀ ਉਸ ਨੂੰ ਖਾ ਜਾਂਦੇ ਹਨ। ਜਦੋਂ ਹੱਡੀਆਂ ਬਿਲਕੁਲ ਸਾਫ ਹੋ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਮੰਦਰ ਵਿੱਚ ਸਥਿੱਤ ਇੱਕ ਡੂੰਘੇ ਖੱਡੇ ਵਿੱਚ ਧਕੇਲ ਦਿੱਤਾ ਜਾਂਦਾ ਹੈ। ਕਿਉਂਕਿ ਹੁਣ ਭਾਰਤ ਵਿੱਚ ਗਿਰਝਾਂ ਦੀ ਅਬਾਦੀ ਬਹੁਤ ਘੱਟ ਗਈ ਹੈ, ਇਸ ਲਈ ਪਾਰਸੀ ਵੀ ਆਪਣੇ ਮੁਰਦਿਆਂ ਨੂੰ ਦਫਨਾਉਣ ਲੱਗ ਪਏ ਹਨ। ਪਾਰਸੀਆਂ ਵਿੱਚ ਜਗਤ ਪ੍ਰਸਿੱਧ ਵਿਅਕਤੀ ਪੈਦਾ ਹੋਏ ਹਨ। ਸੁਤੰਤਰਤਾ ਸੰਗਰਾਮ ਵਿੱਚ ਭਾਗ ਲੈਣ ਵਾਲੇ ਪ੍ਰਮੁੱਖ ਪਾਰਸੀ ਫਿਰੋਜ਼ਸ਼ਾਹ ਮਹਿਤਾ, ਭੀਖਾਜੀ ਕਾਮਾ ਅਤੇ ਦਾਦਾਭਾਈ ਨਾਰੋਜੀ ਸਨ। ਦਾਦਾਭਾਈ ਨਾਰੋਜੀ ਬ੍ਰਿਟਿਸ਼ ਪਾਰਲੀਮੈਂਟ ਵਿੱਚ ਮੈਂਬਰ ਬਣਨ ਵਾਲਾ ਪਹਿਲਾ ਏਸ਼ੀਅਨ ਸੀ। ਵਿਗਿਆਨ ਵਿੱਚ ਨਾਮ ਰੌਸ਼ਨ ਕਰਨ ਵਾਲੇ ਹੋਮੀ ਜੇ ਭਾਬਾ ਅਤੇ ਪ੍ਰਮਾਣੂ ਵਿਗਿਆਨੀ ਟਮੀ ਹੋਮੀ ਐਨ ਸੇਠਨਾ ਸਨ। ਕਾਰੋਬਾਰੀਆਂ ਵਿੱਚ ਜਮਸ਼ੇਦਜੀ ਟਾਟਾ ਅਤੇ ਜੇ ਆਰ ਡੀ ਟਾਟਾ (ਇਨ੍ਹਾਂ ਨੂੰ ਭਾਰਤੀ ਉਦਯੋਗੀਕਰਨ ਦਾ ਪਿਤਾਮਾ ਕਿਹਾ ਜਾਂਦਾ ਹੈ), ਰਤਨ ਟਾਟਾ, ਸਾਈਰਸ ਮਿਸਤਰੀ, ਦਿਨਸ਼ਾਅ ਮਾਨੇਕਜੀ, ਸਾਈਰਸ ਪੂਨਾਵਾਲਾ ਤੇ ਉਸ ਦਾ ਬੇਟਾ ਅਦਾਰ ਪੂਨਾਵਾਲਾ (ਕੋਵਿਡ ਦੀ ਵੈਕਸੀਨ ਦੀ ਕਾਢ ਕੱਢਣ ਵਾਲਾ), ਨੈੱਸ ਵਾਡੀਆ, ਨੁਸਲੀ ਵਾਡੀਆ, ਜੇਹ ਵਾਡੀਆ ਆਦਿ ਵਿਸ਼ਵ ਪ੍ਰਸਿੱਧ ਹਸਤੀਆਂ ਹਨ। ਪਾਕਿਸਤਾਨ ਦੇ ਸੰਸਥਾਪਕ ਮੁਹੰਮਦ ਅਲੀ ਜਿਨਾਹ ਦੀ ਬੇਟੀ ਇੱਕ ਪਾਰਸੀ ਨੈੱਸ ਵਾਡੀਆ (ਬੰਬੇ ਡਾਇੰਗ ਕੱਪੜਾ ਉਦਯੋਗ ਦਾ ਮਾਲਕ) ਨਾਲ ਵਿਆਹੀ ਹੋਈ ਸੀ। ਇੰਦਰਾ ਗਾਂਧੀ ਦਾ ਪਤੀ ਫਿਰੋਜ਼ ਗਾਂਧੀ ਵੀ ਪਾਰਸੀ ਸੀ। ਸੁਰੱਖਿਆ ਦਸਤਿਆਂ ਵਿੱਚ ਫੀਲਡ ਮਾਰਸ਼ਲ ਸੈਮ ਮਾਨਕਸ਼ਾਅ (1971 ਜੰਗ ਦਾ ਹੀਰੋ), ਐਡਮਿਰਲ ਜਲ ਕੁਰਸੇਤਜੀ (ਜਲ ਸੈਨਾ ਦਾ ਮੁਖੀਆ ਬਣਨ ਵਾਲਾ ਪਹਿਲਾ ਪਾਰਸੀ) ਏਅਰ ਚੀਫ ਮਾਰਸ਼ਲ਼ ਆਸਪੀ ਇੰਜੀਨੀਅਰ, ਏਅਰ ਚੀਫ ਮਾਰਸ਼ਲ ਫਾਲੀ ਹੋਮੀਮੇਜਰ, ਵਾਈਸ ਐਡਮਿਰਲ ਆਰ ਐਫ ਕਾਂਟਰੈਕਟਰ (ਇੰਡੀਅਨ ਕੋਸਟ ਗਾਰਡ ਦਾ ਪਹਿਲਾ ਪਾਰਸੀ ਚੀਫ), ਸ਼ਹੀਦ ਲੈਫਟੀਨੈਂਟ ਕਰਨਲ ਅਰਦੇਸ਼ੀਰ ਤਾਰਾਪੋਰ (ਪਰਮਵੀਰ ਚੱਕਰ 1965 ਦੀ ਭਾਰਤ ਪਾਕ ਜੰਗ) ਆਦਿ। ਖੇਡਾਂ ਵਿੱਚ ਵੀ ਪਾਰਸੀਆਂ ਨੇ ਆਪਣੀ ਧਾਂਕ ਜਮਾ ਕੇ ਰੱਖੀ ਹੈ, ਜਿਵੇਂ ਪ੍ਰਸਿੱਧ ਕ੍ਰਿਕਟਰ ਨਾਰੀ ਕਾਂਟਰੈਕਟਰ, ਰੂਸੀ ਮੋਦੀ, ਫਾਰੂਖ ਇੰਜੀਨੀਅਰ ਅਤੇ ਪੌਲੀ ਉਮਰੀਗਰ। ਸੰਗੀਤ ਅਤੇ ਫਿਲਮ ਜਗਤ ਵਿੱਚ ਰੌਕ ਸਟਾਰ ਫਰੈਡੀ ਮਰਕਰੀ, ਕੈਖੁਸਰੋ ਸ਼ਾਪੂਰਜੀ, ਜ਼ੁਬਿਨ ਮਹਿਤਾ, ਬੋਮਨ ਇਰਾਨੀ, ਨੀਨਾ ਵਾਡੀਆ ਅਤੇ ਪਰਸਿਸ ਖੰਬਾਟਾ ਨੂੰ ਕੌਣ ਨਹੀਂ ਜਾਣਦਾ। ਇਸ ਤੋਂ ਇਲਾਵਾ ਫਾਲੀ ਐਸ ਨਰੀਮਨ, ਨਾਨੀ ਅਰਦੀਸ਼ਵਰ ਪਾਲਕੀਵਾਲਾ ਅਤੇ ਸੋਲੀ ਸੋਰਾਬਜੀ ਸੁਪਰੀਮ ਕੋਰਟ ਦੇ ਪ੍ਰਸਿੱਧ ਵਕੀਲ ਹਨ। ਆਪਣੀ ਘੱਟ ਗਿਣਤੀ ਦੇ ਬਾਵਜੂਦ ਇਹ ਫਿਰਕਾ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰ ਰਿਹਾ ਹੈ ਤੇ ਦੁਨੀਆਂ ਵਾਸਤੇ ਕਿਸੇ ਚਾਨਣ ਮੁਨਾਰੇ ਤੋਂ ਘੱਟ ਨਹੀਂ ਹੈ।

**ਸੱਦਾ: SAIT ਦਾ ਓਪਨ ਹਾਊਸ**

SAIT ਇੱਕ ਪ੍ਰਸਿੱਧ ਸੰਸਥਾ ਹੈ ਜੋ ਕੈਰੀਅਰ ਲਈ ਤਿਆਰ ਗ੍ਰੈਜੂਏਟ ਤਿਆਰ ਕਰਨ ਲਈ ਜਾਣਿਆ ਜਾਂਦਾ ਹੈ।
SAIT ਦੇ 100 ਤੋਂ ਵੱਧ ਪ੍ਰੋਗਰਾਮ ਹਨ, ਜਿਨ੍ਹਾਂ ਵਿੱਚ ਕਈ ਡਿਗਰੀਆਂ, ਡਿਪਲੋਮਾਂ ਅਤੇ ਸਰਟੀਫਿਕੇਟ ਸ਼ਾਮਿਲ ਹਨ।

**ਇਨ੍ਹਾਂ ਵਲੋਂ ਸ਼ਨੀਵਾਰ, 8 ਮਾਰਚ, ਸਵੇਰੇ 10AM ਵਜੇ ਤੋਂ ਸ਼ਾਮ 3PM ਵਜੇ ਤੱਕ** ਓਪਨ ਹਾਊਸ (Open House) ਆਯੋਜਨ ਕੀਤਾ ਗਿਆ ਹੈ ਜਿੱਥੇ ਪਹੁੰਚ ਕੇ ਤੁਸੀਂ ਕੈਂਪਸ ਨੂੰ ਵੇਖ ਸਕਦੇ ਹੋ, ਇੰਸਟ੍ਰਕਟਰਾਂ ਅਤੇ ਸਲਾਹਕਾਰਾਂ ਨਾਲ ਗੱਲ ਬਾਤ ਕਰ ਸਕਦੇ ਹੋ, ਅਤੇ ਪ੍ਰੋਗਰਾਮਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

**ਓਪਨ ਹਾਊਸ ਚ ਸ਼ਾਮਿਲ ਹੋਣ ਲਈ ਅੱਜ ਹੀ ਰਜਿਸਟਰ ਕਰੋ sait.ca/open-house**

SAIT

# ਪਰਿਵਾਰਕ ਰਿਸ਼ਤਿਆਂ ਦੀ ਅਹਿਮੀਅਤ ਦਰਸਾਉਂਦੀ ਫ਼ਿਲਮ 'ਬੈਕ ਅੱਪ'





ਸੁਰਜੀਤ ਜੱਸਲ
9814607737

ਪਿਛਲੇ ਕੁੱਝ ਸਮੇਂ ਤੋਂ ਪੰਜਾਬੀ ਸਿਨਮੇ ਦੇ ਵਿੱਚ ਇੱਕ ਚੰਗਾ ਬਦਲਾਓ ਦੇਖਣ ਨੂੰ ਮਿਲ ਰਿਹਾ ਹੈ। ਵਿਆਹ ਕਲਚਰ ਅਤੇ ਹਾਸੇ ਮਜ਼ਾਕ ਵਾਲੀਆਂ ਫਿਲਮਾਂ ਤੋਂ ਹਟ ਕੇ ਹੁਣ ਨਵੇਂ ਵਿਸ਼ੇ ਦੀਆਂ ਕਹਾਣੀਆਂ ਪੰਜਾਬੀ ਫਿਲਮਾਂ ਦਾ ਹਿੱਸਾ ਬਣ ਰਹੀਆਂ ਹਨ। ਅਜਿਹੀ ਹੀ ਇੱਕ ਫਿਲਮ 'ਬੈਕ ਅੱਪ' ਇੰਨੀ ਦਿਨੀ ਕਾਫੀ ਚਰਚਾ ਵਿੱਚ ਹੈ, ਜਿਸ ਵਿੱਚ ਪਰਿਵਾਰਕ ਸ਼ਰੀਕੇਬਾਜ਼ੀ ਹੇਠ ਪਲਦੀ ਨਫ਼ਰਤ ਭਰੇ ਗਲਤ ਹਥਕੰਡਿਆਂ ਸਦਕਾ ਨਾਲ ਪੈਦਾ ਹੋਏ ਨਾਜ਼ੁਕ ਹਾਲਾਤਾਂ ਦੀ ਕਹਾਣੀ ਪੇਸ਼ ਕਰਦੀ ਇਹ ਦਰਸਾਉਂਦੀ ਹੈ ਕਿ ਇੱਕ ਪੁੱਤਰ ਲਈ ਉਸਦਾ ਬਾਪ 'ਕੀ-ਕੁੱਝ' ਨਹੀਂ ਕਰ ਸਕਦਾ। ਅਸਲ ਵਿੱਚ ਇਹ ਫ਼ਿਲਮ ਇੱਕ ਪਿਓ-ਪੁੱਤ ਦੀ ਕਹਾਣੀ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਇੱਕ ਬਾਪ ਹੀ ਉਸਦੇ ਪੁੱਤਰ ਦਾ ਅਸਲ ਬੈਕਅੱਪ ਹੁੰਦਾ ਹੈ ਜਿਸਦੇ ਆਸਰੇ ਉਹ ਔਖੇ ਵੇਲਿਆਂ ਵਿੱਚ ਵੀ ਨਹੀਂ ਡੋਲਦਾ। ਬਾਸਰਕੇ ਪ੍ਰੋਡਕਸ਼ਨ ਹੇਠ ਨਿਰਮਾਤਾ ਨਛੱਤਰ ਸਿੰਘ ਸੰਧੂ ਵੱਲੋਂ ਲਿਖੀ ਨਿਵੇਕਲੇ ਵਿਸ਼ੇ ਦੀ ਇਹ ਫਿਲਮ 'ਬੈਕ ਅਪ' ਪਰਿਵਾਰਕ ਰਿਸ਼ਤਿਆ ਦੇ ਇਲਾਵਾ ਪੰਜਾਬ ਦੀ ਧਰਤੀ 'ਤੇ ਵਗਦੇ ਛੇਵੇਂ ਦਰਿਆ 'ਚ ਰੁੜਦੀ ਜਾ ਰਹੀ ਜਵਾਨੀ ਨੂੰ ਬਚਾਉਣ ਦਾ ਹੋਕਾ ਵੀ ਦਿੰਦੀ ਹੈ। ਲੇਖਕ ਨਛੱਤਰ ਸਿੰਘ ਸੰਧੂ ਨੇ ਦੱਸਿਆ ਕਿ ਇਹ ਫ਼ਿਲਮ ਅਜੋਕੇ ਸਮਾਜ 'ਤੇ ਤੰਜ ਕਸਦੀ ਇਹ ਵੀ ਦਰਸਾਉਂਦੀ ਹੈ ਕਿ ਜਮੀਨਾਂ ਜਾਇਦਾਦਾਂ ਪਿੱਛੇ ਆਪਣੇ ਸਕੇ ਸਬੰਧੀਆਂ ਵਿੱਚ ਭਾਵੇਂ ਕਿੰਨਾ ਵੀ ਗਿਲਾ-ਸ਼ਿਕਵਾ, ਰੋਸਾ ਹੋ ਜਾਵੇ ਅਖੀਰ ਮੁਸੀਬਤ ਪੈਣ 'ਤੇ ਆਪਣੇ ਹੀ ਨਾਲ ਖੜਦੇ ਹਨ। ਜਦਕਿ ਬਾਕੀ ਦੇ ਮੂੰਹ ਮੁਲਾਜੇਦਾਰ ਅਜਿਹੇ ਨਾਜ਼ਕ ਸਮੇਂ 'ਚ ਸਿਰਫ ਤਮਾਸ਼ਾ ਦੇਖਣ ਵਾਲੇ ਹੀ ਜਾਂ ਪਿੱਠ ਵਿਖਾਉਣ ਵਾਲੇ ਹੁੰਦੇ ਹਨ।ਇਸ ਫਿਲਮ ਦੀ ਕਹਾਣੀ ਜਿੱਥੇ ਸਮਾਜਿਕ ਅਤੇ ਪਰਿਵਾਰਿਕ ਰਿਸ਼ਤਿਆਂ ਵਿੱਚ ਬੱਝੀ ਹੋਈ ਹੈ, ਉਥੇ ਨੌਜਵਾਨਾਂ ਨੂੰ ਪੰਜਾਬ ਦੀਆਂ ਵਿਰਾਸਤੀ ਖੇਡਾਂ ਨਾਲ ਜੋੜ ਕੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਵੀ ਦਿੰਦੀ ਹੈ। ਦੋ ਜਵਾਨ ਦਿਲਾਂ ਦੇ ਪਿਆਰ-ਮੁਹੱਬਤਾਂ ਦੀ ਚਾਸ਼ਨੀ 'ਚ ਭਿੱਜੀ ਫ਼ਿਲਮ ਵਿਚਲਾ ਰੁਮਾਂਟਿਕ ਟਰੈਕ ਵੀ ਦਰਸ਼ਕਾਂ ਨੂੰ ਪ੍ਰਭਾਵਿਤ ਕਰੇਗਾ। ਇਸ ਫਿਲਮ ਵਿੱਚ ਅਸੀਂ ਨਵੇਂ ਚਿਹਰਿਆਂ ਦੇ ਨਾਲ ਨਾਲ ਪੰਜਾਬੀ ਦੇ ਅਨੇਕਾਂ ਦਿੱਗਜ ਕਲਾਕਾਰਾਂ ਨੂੰ ਵੀ ਪਰਦੇ 'ਤੇ ਲਿਆਂਦਾ ਹੈ। ਨੌਜਵਾਨ ਨਿਰਦੇਸ਼ਕ ਜਸਵੰਤ ਮਿੰਟੂ ਨੇ ਹਰ ਇੱਕ ਦ੍ਰਿਸ਼ ਨੂੰ ਬੜੀ ਸੰਜੀਦਗੀ ਨਾਲ ਪਰਦੇ 'ਤੇ ਉਤਾਰਿਆ ਹੈ।

ਫਿਲਮ ਦਾ ਮੁੱਖ ਹੀਰੋ ਬਿੰਨੀ ਜੋੜਾ ਹੈ, ਜਿਸ ਨੂੰ ਦਰਸ਼ਕ ਪਹਿਲਾਂ ਬਹੁ ਚਰਚਿਤ ਵੈਬਸੀਰੀਜ਼ 'ਯਾਰ ਚੱਲੇ ਬਾਹਰ' ਅਤੇ ਸੀਰੀਅਲ 'ਵੰਗਾਂ' ਵਿੱਚ ਕਾਫੀ ਪਸੰਦ ਕਰ ਚੁੱਕੇ ਹਨ। ਫਿਲਮ ਦੀ ਹੀਰੋਇਨ ਸੁਖਮਣੀ ਕੌਰ ਹੈ ਜੋ ਸੀਰੀਅਲ ' ਮੋਹਰੇ' ਅਤੇ 'ਆਇਲਸ ਵਾਲੇ ਯਾਰ' ਨਾਲ ਕਾਫੀ ਚਰਚਿਤ ਰਹੀ ਹੈ। ਬਾਕੀ ਦੇ ਕਲਾਕਾਰਾਂ ਵਿੱਚ ਪੰਜਾਬੀ ਸਿਨੇਮੇ ਦੇ ਕਈ ਨਾਮੀ ਅਦਾਕਾਰ ਸਵਿੰਦਰ ਮਾਹਲ, ਸੁਖਦੇਵ ਬਰਨਾਲਾ ਸੁਰਿੰਦਰ ਬਾਠ, ਐਨ ਐਸ ਸੰਧੂ, ਅਮਨ ਬੱਲ, ਅਮਨ ਸ਼ੇਰ ਸਿੰਘ, ਪ੍ਰਿਤਪਾਲ ਪਾਲੀ, ਸੁਖਵਿੰਦਰ ਵਿਰਕ, ਡੌਲੀ ਸੰਦਲ,ਅਭਿਸ਼ੇਕ ਭਾਰਦਵਾਜ, ਵਿਕਾਸ ਨਵ ਮੰਨਤ ਕੌਰ ਅਤੇ ਵਿਕਾਸ ਮਲਹੋਤਰਾ ਆਦਿ ਕਲਾਕਾਰਾਂ ਨੇ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਇਸ ਫਿਲਮ ਦਾ ਸੰਗੀਤ ਅਜੌਕੇ ਮਾਹੌਲ ਵਿੱਚ ਚੰਗਾ ਮਨੋਰੰਜਨ ਕਰਨ ਵਾਲਾ ਹੈ ਜੋ ਗੁਰਮੀਤ ਸਿੰਘ ਜੱਸੀ ਐਕਸ ਅਤੇ ਗਗਨ ਵਡਾਲੀ ਨੇ ਦਿੱਤਾ ਹੈ। ਫਿਲਮ ਦੇ ਗੀਤ ਨਛੱਤਰ ਗਿੱਲ, ਗਗਨ ਵਡਾਲੀ, ਸਰਘੀ ਮਾਨ ਅਤੇ ਅਕਾਲ ਗਾਇਕਾਂ ਨੇ ਪਲੇ ਬੈਕ ਵਿੱਚ ਗਾਏ ਹਨ। 21 ਫਰਵਰੀ ਨੂੰ ਰਿਲੀਜ਼ ਹੋ ਰਹੀ ਆਮ ਫਿਲਮਾਂ ਤੋਂ ਬਹੁਤ ਹਟਵੇਂ ਵਿਸ਼ੇ ਦੀ ਇਹ ਫਿਲਮ 'ਬੈਕ ਅੱਪ' ਪੰਜਾਬੀ ਸਿਨਮੇ ਲਈ ਮੀਲ ਪੱਥਰ ਸਾਬਤ ਹੋਵੇਗੀ।

# ਕੀ ਬਰਿਕਸ ਕਰੰਸੀ ਡਾਲਰ ਦੇ ਦਬਦਬੇ ਨੂੰ ਨੱਥ ਪਾ ਸਕੇਗੀ....?



ਸੰਦੀਪ ਕੁਮਾਰ-
7009807121
ਐਮ.ਸੀ.ਏ, ਐਮ.ਏ
ਮਨੋਵਿਗਿਆਨ
ਰੂਪਨਗਰ

**ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫ਼ਰੀਕਾ, ਜਿਨ੍ਹਾਂ ਨੇ ਬਰਿਕਸ ਗਰੁੱਪ ਬਣਾਇਆ। ਇਹ ਗਰੁੱਪ, ਜੋ ਦੁਨੀਆ ਦੀ ਆਬਾਦੀ ਅਤੇ ਆਰਥਿਕ ਮੰਚ ਉੱਤੇ ਵੱਡਾ ਹਿੱਸਾ ਰੱਖਦਾ ਹੈ, ਆਪਣੀ ਖੁਦ ਦੀ ਇੱਕ ਸਾਂਝੀ ਕਰੰਸੀ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ। ਇਸ ਕਰੰਸੀ ਨੂੰ ਬਰਿਕਸ ਕਰੰਸੀ ਦਾ ਨਾਮ ਦਿੱਤਾ ਗਿਆ ਹੈ। ਬਰਿਕਸ ਕਰੰਸੀ ਦਾ ਮੁੱਖ ਉਦੇਸ਼, ਅੰਤਰਰਾਸ਼ਟਰੀ ਵਪਾਰ ਨੂੰ ਡਾਲਰ ਤੋਂ ਅਜ਼ਾਦ ਕਰਨਾ ਹੈ। ਇਹ ਮੁਦਰਾ ਮੈਂਬਰ ਦੇਸ਼ਾਂ ਵਿੱਚ ਆਰਥਿਕ ਹਿੱਤਾਂ ਦੀ ਰੱਖਿਆ ਕਰੇਗੀ ਅਤੇ ਇੱਕ ਨਵਾਂ ਆਰਥਿਕ ਰਾਹ ਪ੍ਰਦਾਨ ਕਰੇਗੀ**

ਜਦੋਂ ਅਸੀਂ ਅੰਤਰਰਾਸ਼ਟਰੀ ਆਰਥਿਕ ਸਿਸਟਮ ਦੀ ਗੱਲ ਕਰਦੇ ਹਾਂ, ਤਾਂ ਸਭ ਤੋਂ ਪਹਿਲਾ ਜੋ ਡਾਲਰ ਕਰੰਸੀ ਸਾਹਮਣੇ ਆਉਂਦੀ ਹੈ। ਸਾਲ 1970 ਦੇ ਦੌਰ ਵਿੱਚ ਅਮਰੀਕਾ ਨੇ ਬ੍ਰੇਟਨ-ਵੁਡਸ ਸਿਸਟਮ ਨੂੰ ਤੋੜ ਕੇ, ਇੱਕ ਨਵਾਂ ਸਿਸਟਮ ਜਾਰੀ ਕੀਤਾ, ਜਿਸ ਨੇ ਵਿਸ਼ਵ ਵਪਾਰ ਵਿੱਚ ਡਾਲਰ ਦੀ ਕੇਂਦਰੀ ਭੂਮਿਕਾ ਨੂੰ ਸਥਿਰ ਕਰ ਦਿੱਤਾ। ਇਸ ਤੋਂ ਬਾਅਦ, ਡਾਲਰ ਦਾ ਪ੍ਰਭਾਵ ਇਤਿਹਾਸਿਕ ਤੌਰ 'ਤੇ ਆਪਣੀ ਚਰਮ ਸੀਮਾ 'ਤੇ ਪੁਹੰਚ ਗਿਆ। ਇਸਦੀ ਵਪਾਰਕ ਪ੍ਰਭਾਵਸ਼ੀਲਤਾ ਦਾ ਕਾਰਨ ਇਹ ਹੈ ਕਿ ਅਮਰੀਕਾ ਜਿਹੜਾ ਸੰਸਾਰ ਦੇ ਸਭ ਤੋਂ ਵੱਡੇ ਆਰਥਿਕਤਾਵਾਂ ਵਿੱਚੋਂ ਇੱਕ ਹੈ, ਆਪਣੀ ਮੁਦਰਾ ਨੂੰ ਵਿਸ਼ਵ ਮੰਚ 'ਤੇ ਵਰਤਦਾ ਆ ਰਿਹਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਅਮਰੀਕਾ ਆਪਣੀ ਆਰਥਿਕ ਅਤੇ ਰਾਜਨੀਤਿਕ ਹਕੂਮਤ ਨੂੰ ਸਥਿਰ ਕਰਨ ਲਈ ਡਾਲਰ ਦਾ ਉਪਯੋਗ ਕਰਦਾ ਹੈ। ਇਹ ਨਾ ਸਿਰਫ ਵਪਾਰਕ ਸਾਂਝੇਦਾਰੀ ਨੂੰ ਪ੍ਰਭਾਵਿਤ ਕਰਦਾ ਹੈ, ਸਗੋਂ ਅੰਤਰਰਾਸ਼ਟਰੀ ਸਿਆਸਤ ਵਿੱਚ ਵੀ ਇਸਦੀ ਜਰੂਰਤ ਮਹਿਸੂਸ ਕੀਤੀ ਜਾਂਦੀ ਹੈ। ਇਸ ਦੌਰਾਨ, ਅਮਰੀਕਾ ਨੇ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ @ਤੇ ਆਪਣਾ ਰਾਜਨੀਤਿਕ ਪ੍ਰਭਾਵ ਬਣਾਏ ਰੱਖਿਆ ਹੈ, ਜਿੱਥੇ ਉਹ ਡਾਲਰ ਦੇ ਜ਼ਰੀਏ ਆਪਣੀਆਂ ਮਨਮਰਜੀਆਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਲਾਗੂ ਕਰ ਸਕਦਾ ਹੈ।

ਡਾਲਰ ਦੀ ਸ਼ਕਤੀ ਦਾ ਦੂਸਰਾ ਮਹੱਤਵਪੂਰਨ ਪੱਖ ਇਹ ਹੈ ਕਿ ਜਦੋਂ ਸੰਸਾਰ ਦੇ ਦੇਸ਼ਾਂ ਵਿੱਚ ਅਮਰੀਕਾ ਨੂੰ ਹਾਨੀ ਪਹੁੰਚੀ ਜਾਂ ਉਸ ਦੀਆਂ ਰਾਜਨੀਤਿਕ ਜ਼ਰੂਰਤਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਗਈ, ਤਾਂ ਅਮਰੀਕਾ ਨੇ ਆਪਣੇ ਡਾਲਰ ਨਿਯੰਤਰਣ ਨੂੰ ਇਕ ਹਥਿਆਰ ਵਜੋਂ ਵਰਤਿਆ ਹੈ। ਇਸ ਤਰ੍ਹਾਂ ਡਾਲਰ ਨੇ ਵਿਸ਼ਵ ਵਪਾਰ ਅਤੇ ਆਰਥਿਕਤਾ ਵਿੱਚ ਇੱਕ ਮਜ਼ਬੂਤ ਸਥਾਨ ਹਾਸਲ ਕੀਤਾ ਅਤੇ ਇਸ ਦੀ ਸ਼ਕਤੀ ਦਾ ਆਲਮ ਇਹ ਸੀ ਕਿ ਜੇ ਕਿਸੇ ਦੇਸ਼ ਨੇ ਅਮਰੀਕਾ ਦੀਆਂ ਨੀਤੀਆਂ ਨੂੰ ਚੁਣੌਤੀ ਦਿੱਤੀ, ਤਾਂ ਉਸ ਦੇਸ਼ ਦੀ ਮੁਦਰਾ ਉੱਤੇ ਅਸਰ ਪੈਦਾ ਹੋ ਜਾਂਦਾ ਸੀ। ਡਾਲਰ ਨੂੰ ਇਸ ਤਰ੍ਹਾਂ ਵਰਤ ਕੇ ਅਮਰੀਕਾ ਵੱਖ-ਵੱਖ ਦੇਸ਼ਾਂ ਵਿੱਚ ਆਪਣੀ ਸਿਆਸਤ ਨੂੰ ਲਾਗੂ ਕਰਦਾ ਆ ਰਿਹਾ ਹੈ। ਇਸ ਸਮੇਂ ਤੱਕ, ਸੰਸਾਰ ਦੇ ਵਿਸ਼ਵ ਵਪਾਰ ਵਿੱਚ ਡਾਲਰ ਦੀ ਭੂਮਿਕਾ ਬੇਹਦ ਮਜ਼ਬੂਤ ਹੋ ਗਈ ਹੈ। ਅਜਿਹਾ ਕਿਹਾ ਜਾ ਸਕਦਾ ਹੈ ਕਿ ਜਦੋਂ ਤੋਂ ਡਾਲਰ ਨੇ ਅੰਤਰਰਾਸ਼ਟਰੀ ਮੁਦਰਾ ਦਾ ਰੂਪ ਧਾਰਿਆ, ਤਾਂ ਦੁਨੀਆ ਦੇ ਵਪਾਰ ਦਾ ਬੇਹਦ ਵੱਡਾ ਹਿੱਸਾ ਡਾਲਰ ਕਰੰਸੀ ਵਿੱਚ ਕੀਤਾ ਜਾਣ ਲੱਗਾ ਹੈ। ਇਹ ਨਾ ਸਿਰਫ ਆਯਾਤ ਅਤੇ ਨਿਰਯਾਤ ਨੂੰ ਪ੍ਰਭਾਵਿਤ ਕਰਦਾ ਹੈ, ਸਗੋਂ ਦੂਜੇ ਦੇਸ਼ਾਂ ਦੇ ਨਾਲ ਕੀਤੇ ਜਾ ਰਹੇ ਵਪਾਰ ਅਤੇ ਨਿਵੇਸ਼ ਵੀ ਡਾਲਰ ਦੇ ਨਾਲ ਕਰੇ ਜਾ ਰਹੇ ਹਨ। ਡਾਲਰ ਦੇ ਇਸ ਵਧਦੇ ਪ੍ਰਭਾਵ ਕਾਰਨ ਅੰਤਰਰਾਸ਼ਟਰੀ ਮੰਚ 'ਤੇ ਕਈ ਵਾਰ ਡਾਲਰ ਨੂੰ ਇਕ ਅਹਿਮ ਰਾਜਨੀਤਿਕ ਉਪਕਰਨ ਵਜੋਂ ਵੀ ਵਰਤਿਆ ਗਿਆ ਹੈ।

ਜੇਕਰ ਅਸੀਂ ਅੱਜ ਦੇ ਸਮੇਂ ਵਿੱਚ ਦੇਖੀਏ, ਤਾਂ ਡਾਲਰ ਦੇ ਇਸ ਪ੍ਰਭਾਵ ਨੇ ਕਈ ਮੁਲਕਾਂ ਦੀ ਆਰਥਿਕਤਾਵਾਂ ਅਤੇ ਰਾਜਨੀਤਿਕ ਸਥਿਰਤਾ ਨੂੰ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਦੇਸ਼ਾਂ ਨੇ, ਜੋ ਅਮਰੀਕਾ ਦੀਆਂ ਨੀਤੀਆਂ ਨਾਲ ਸਹਿਮਤ ਨਹੀਂ ਹੋਏ, ਅਕਸਰ ਆਪਣੇ ਵਪਾਰ ਅਤੇ ਵਿੱਤੀ ਸੰਸਥਾਵਾਂ @ਤੇ ਡਾਲਰ ਦਾ ਪ੍ਰਭਾਵ ਮਹਿਸੂਸ ਕੀਤਾ ਹੈ। ਇਸ ਨਾਲ ਇਹਨਾਂ ਦੇਸ਼ਾਂ ਦੀਆਂ ਆਰਥਿਕ ਸਥਿਤੀਆਂ ਅਤੇ ਰਾਜਨੀਤਿਕ ਨੀਤੀਆਂ ਨਿਰਧਾਰਿਤ ਹੋਈਆਂ ਹਨ। ਇਸੇ ਤਰ੍ਹਾਂ, ਡਾਲਰ ਦੀ ਸ਼ਕਤੀ ਵਧਣ ਨਾਲ ਸੰਸਾਰ ਦੇ ਆਰਥਿਕ ਮੰਚ ਵਿੱਚ ਅਮਰੀਕਾ ਦੀ ਪ੍ਰਭੂ ਸੱਤਾ ਮਜ਼ਬੂਤ ਹੋ ਗਈ ਹੈ। ਇਸ ਸਥਿਤੀ ਵਿੱਚ, ਅਮਰੀਕਾ ਦੀਆਂ ਮਨਮਰਜੀਆਂ ਅਤੇ ਡਾਲਰ ਦੀ ਸ਼ਕਤੀ ਨੂੰ ਚੁਨੌਤੀ ਦੇਣ ਲਈ ਕੁਝ ਦੇਸ਼ਾਂ ਨੇ ਇੱਕ ਨਵੀਂ ਮੰਜ਼ਿਲ ਦੀ ਯਾਤਰਾ ਸ਼ੁਰੂ ਕੀਤੀ ਹੈ। ਇਹ ਦੇਸ਼ ਹਨ ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫ਼ਰੀਕਾ, ਜਿਨ੍ਹਾਂ ਨੇ ਬਰਿਕਸ ਗਰੁੱਪ ਬਣਾਇਆ। ਇਹ ਗਰੁੱਪ, ਜੋ ਦੁਨੀਆ ਦੀ ਆਬਾਦੀ ਅਤੇ ਆਰਥਿਕ ਮੰਚ ਉੱਤੇ ਵੱਡਾ ਹਿੱਸਾ ਰੱਖਦਾ ਹੈ, ਆਪਣੀ ਖੁਦ ਦੀ ਇੱਕ ਸਾਂਝੀ ਕਰੰਸੀ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ। ਇਸ ਕਰੰਸੀ ਨੂੰ ਬਰਿਕਸ ਕਰੰਸੀ ਦਾ ਨਾਮ ਦਿੱਤਾ ਗਿਆ ਹੈ। ਬਰਿਕਸ ਕਰੰਸੀ ਦਾ ਮੁੱਖ ਉਦੇਸ਼, ਅੰਤਰਰਾਸ਼ਟਰੀ ਵਪਾਰ ਨੂੰ ਡਾਲਰ ਤੋਂ ਅਜ਼ਾਦ ਕਰਨਾ ਹੈ। ਇਹ ਮੁਦਰਾ ਮੈਂਬਰ ਦੇਸ਼ਾਂ ਵਿੱਚ ਆਰਥਿਕ ਹਿੱਤਾਂ ਦੀ ਰੱਖਿਆ ਕਰੇਗੀ ਅਤੇ ਇੱਕ ਨਵਾਂ ਆਰਥਿਕ ਰਾਹ ਪ੍ਰਦਾਨ ਕਰੇਗੀ। ਜੇਕਰ ਇਹ ਕਰੰਸੀ ਸਫਲ ਹੁੰਦੀ ਹੈ, ਤਾਂ ਇਸ ਨਾਲ ਡਾਲਰ 'ਤੇ ਨਿਰਭਰਤਾ ਘਟੇਗੀ ਅਤੇ ਬਰਿਕਸ ਦੇਸ਼ਾਂ ਦੀ ਆਰਥਿਕ ਸਥਿਰਤਾ ਵਧੇਗੀ। ਇਹ ਮੁਦਰਾ ਵਿਕਾਸ਼ਸ਼ੀਲ ਦੇਸ਼ਾਂ ਲਈ ਇੱਕ ਸਾਰਥਕ ਵਿਕਲਪ ਸਾਬਿਤ ਹੋ ਸਕਦੀ ਹੈ, ਜੋ ਡਾਲਰ ਦੇ ਸ਼ਕਤੀਸ਼ਾਲੀ ਰੂਪ ਨਾਲ ਸੰਘਰਸ਼ ਕਰਦੇ ਆਏ ਹਨ।

ਪਰ ਬਰਿਕਸ ਕਰੰਸੀ ਨੂੰ ਅਮਲ ਵਿੱਚ ਲਿਆਉਣਾ ਇੰਨ੍ਹਾਂ ਵੀ ਆਸਾਨ ਨਹੀਂ ਹੈ। ਪਹਿਲੀ ਗੱਲ, ਮੈਂਬਰ ਦੇਸ਼ਾਂ ਵਿੱਚ ਆਰਥਿਕ ਅੰਤਰ ਬਹੁਤ ਵੱਡਾ ਹੈ। ਰੂਸ ਅਤੇ ਚੀਨ ਜਿਹੜੇ ਇਸ ਗਰੁੱਪ ਦੇ ਦੋ ਸਭ ਤੋਂ ਵੱਡੇ ਆਰਥਿਕ ਖਿਡਾਰੀ ਹਨ, ਉਹ ਬਾਕੀ ਦੇਸ਼ਾਂ ਤੇ ਜਿਆਦਾ ਪ੍ਰਭਾਵਸ਼ਾਲੀ ਹੋ ਸਕਦੇ ਹਨ। ਦੂਜੀ ਗੱਲ, ਅੰਤਰਰਾਸ਼ਟਰੀ ਮੰਚ @ਤੇ ਡਾਲਰ ਦੀ ਮਜ਼ਬੂਤੀ ਅੱਜ ਵੀ ਇੱਕ ਵੱਡੀ ਚੁਣੌਤੀ ਹੈ। ਡਾਲਰ ਇੱਕ ਮਜ਼ਬੂਤ ਵਪਾਰਕ ਸਾਂਝੀ ਭਾਸ਼ਾ ਦੀ ਤਰ੍ਹਾਂ ਕੰਮ ਕਰਦਾ ਹੈ ਅਤੇ ਇਸਨੂੰ ਹਟਾਉਣਾ ਬਹੁਤ ਮੁਸ਼ਕਲ ਹੈ। ਫਿਰ ਵੀ, ਜੇਕਰ ਬਰਿਕਸ ਕਰੰਸੀ ਕਾਮਯਾਬ ਹੁੰਦੀ ਹੈ, ਤਾਂ ਇਹ ਦੁਨੀਆ ਵਿੱਚ ਵੱਡੇ ਬਦਲਾਵਾਂ ਦੀ ਸ਼ੁਰੂਆਤ ਕਰ ਸਕਦੀ ਹੈ। ਅਮਰੀਕਾ ਦੀ ਮੌਜੂਦਾ ਡਾਲਰ ਪ੍ਰਭੂ ਸੱਤਾ ਹੇਠਾਂ ਆ ਸਕਦੀ ਹੈ।

ਇਹ ਨਵੀਂ ਮੁਦਰਾ ਵਿਕਾਸ਼ਸ਼ੀਲ ਦੇਸ਼ਾਂ ਨੂੰ ਡਾਲਰ ਦੇ ਨਿਯੰਤਰਣ ਤੋਂ ਬਚਾਉਣ ਵਿੱਚ ਸਹਾਇਕ ਹੋਵੇਗੀ। ਇਸ ਦੇ ਨਾਲ-ਨਾਲ, ਇਹ ਗਲੋਬਲ ਆਰਥਿਕਤਾਵਾਂ ਵਿੱਚ ਇੱਕ ਨਵਾਂ ਸੰਤੁਲਨ ਲਿਆ ਸਕਦੀ ਹੈ, ਜਿਸ ਨਾਲ ਸੰਸਾਰ ਪੱਧਰ ਦੀ ਮਾਰਕੀਟ ਵਿੱਚ ਇੱਕ ਸੰਤੁਲਨ ਬਣਾ ਸਕੇ। ਡਾਲਰ ਦੇ ਸਪੱਸ਼ਟ ਪ੍ਰਭਾਵ ਸਦਕਾ, ਬਰਿਕਸ ਕਰੰਸੀ ਭਵਿੱਖ ਦੀ ਇੱਕ ਵੱਡੀ ਉਮੀਦ ਹੈ। ਜੇਕਰ ਸਫਲਤਾ ਮਿਲਦੀ ਹੈ, ਤਾਂ ਇਹ ਮਾਤਰ ਇੱਕ ਮੁਦਰਾ ਨਹੀਂ, ਸਗੋਂ ਇੱਕ ਆਰਥਿਕ ਇਨਕਲਾਬ ਹੋਵੇਗੀ। ਜਿਸ ਨਾਲ ਭਵਿੱਖ ਵਿੱਚ ਡਾਲਰ ਦੇ ਦਬਦਬੇ ਨੂੰ ਨੱਥ ਪਾਈ ਜਾ ਸਕੇਗੀ।






# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

Calgary based Ravidasia family seeks a suitable match for their son, AIIE born, Canadian citizen, EÓH", Engineer by profession. Seeking a family oriented & highly qualified match. Please contact with a recent photo to: LCKALER@GMAIL.COM Serious inquiries only. Caste no Bar. Preference given to Alberta and Doaba.***-****

### ਲੜਕੇ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਈ ਰਾਮਗੜ੍ਹੀਆ ਪਰਿਵਾਰ ਦੀ ਅਣਮੈਰਿਡ ਲੜਕੀ ਉਮਰ 38 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ : ਪੋਸਟ ਗ੍ਰੈਜੂਏਟ ਪ੍ਰੋਫੇਸ਼ਨਲ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਕਰੋ : 403 680 1126 ***268***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਪਰਿਵਾਰ ਦੀ ਲੜਕੀ ਜਨਮ ਦਸੰਬਰ 1991,ਪੋਸਟ ਗਰੈਜੂਏਟ (ਇੰਡੀਆ)ਐਜੂਕੇਸ਼ਨਲ ਅਸਿਸਟੈਂਟ (ਕਨੇਡਾ) ਲਈ ਕਨੇਡੀਅਨ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਬਠਿੰਡਾ ਮੁਕਤਸਰ ਇਲਾਕੇ ਨੂੰ ਪਹਿਲ। ਆਪਣਾ ਬਾਇਓਡਾਟਾ 1 639 916 1637 ਉੱਪਰ ਭੇਜੋ ***268***

### ਲੜਕੇ ਦੀ ਲੋੜ

Sikh family seeking a suitable match for their beautiful and tall Canadian-citizen daughter, 31 years old, height 5'103 . She is family oriented & well-educated, holds associate degree in Healthcare Information Management and working as Project Manager in healthcare industry. We are looking for someone who is tall, handsome & Canadian citizen that lives in Calgary or surrounding areas, is well-educated with a professional career, if interested, please contact 587-707-3440 (Serious inquiries only) ***266***

### ਲੜਕੀ ਦੀ ਲੋੜ

Canadian Citizen, Jat Sikh family handsome boy born 1990, height 5 feet 11 inches, well educated in Canada and doing business Canada, looking girl with family values is required. 403 437 1117, 825 735 2251***268***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਬਰਾੜ ਪਰਿਵਾਰ ਦੇ ਪੱਗ ਬੰਨਦੇ ਵੈਜੀਟੇਰੀਅਨ ਲੜਕੇ ਉਮਰ 29 ਸਾਲ, ਕੱਦ 5 ਫੁੱਟ 10 ਇੰਚ,5 ਕਿੱਲੇ ਜ਼ਮੀਨ ਦੇ ਮਾਲਕ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿੱਚ ਰਹਿੰਦਾ ਹੈ। ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਹੋਲਡਰ ਲੜਕੀ ਨੂੰ ਪਹਿਲ, ਮੋਬਾਇਲ ਨੰ: 289 659 5681 **262**

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ, ਉਮਰ 31 ਕੱਦ 5 ਫੁੱਟ 8 ਇੰਚ, ਇਲੈਕਟ੍ਰਾਨਿਕਸ ਇੰਜਨੀਅਰਿੰਗ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਅਲਬਰਟਾ ਸੂਬੇ ਵਿੱਚ ਰਹਿੰਦਾ ਹੈ।ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ - 587 578 6700 ਜਾਂ 587 378 6700 ***266***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਸਿੱਖ ਕਸ਼ਪ ਰਾਜਪੂਤ, 34 ਸਾਲ, 5 ਫੁੱਟ 2 ਇੰਚ, ਤਲਾਕਸ਼ੁਦਾ(ਨੋ ਕਿਡ), ਬੀ ਫਾਰਮੇਸੀ (ਇੰਡੀਆ), ਪੋਸਟ ਗ੍ਰੈਜੂਏਟ ਡਿਪਲੋਮਾ ਹੋਲਡਰ (ਕਨੇਡਾ) ਲਈ ਕੈਲਗਰੀ ਜਾਂ ਨੇੜੇ ਰਹਿੰਦੇ ਹਾਣ ਪ੍ਰਵਾਣ, ਨਸ਼ਾ ਰਹਿਤ, ਨਾਨ ਸਮੋਕਰ ਲੜਕੇ ਦੀ ਰਿਸ਼ਤੇ ਲਈ ਲੋੜ ਹੈ। (ਨੋ ਕਾਸਟ ਬਾਰ) ਸਾਰਾ ਪ੍ਰੀਵਾਰ ਕਨੇਡਾ ਵਿੱਚ ਹੈ। ਬਾਇ- ਡਾਟਾ ਸਮੇਤ ਤਾਜ਼ਾ ਫੋਟੋ ਵਟਸਐਪ ਨੰਬਰ +919417121464 ਤੇ ਭੇਜੋ। ***266***

### ਲੜਕੇ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉੱਪਰ ਜੱਟ ਸਿੱਖ ਸੇਖੋਂ ਪਰਿਵਾਰ ਦੀ ਤਲਾਕਸ਼ੁਦਾ (ਬਿਨਾ ਬੱਚੇ) ਲੜਕੀ,ਉਮਰ 35 ਸਾਲ,ਕੱਦ 5 ਫੁੱਟ 3 ਇੰਚ,ਮਾਸਟਰ ਡਿਗਰੀ (ਇੰਡੀਆ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 780 725 2697 ***266***

### ਲੜਕੇ ਦੀ ਲੋੜ

Sikh family seeking a suitable match for their Canadian-born daughter, 36 years old, height 5'43 , born and raised in Calgary, Alberta. She is well-educated, holds a master's degree, and currently works in the education field. We are looking for someone who is Canadian born that lives in Calgary or surrounding areas, is well-educated with a professional career, and is open to previously divorced individuals. If interested, please contact 403-680-4793 ***265**

### ਲੜਕੀ ਦੀ ਲੋੜ

ਕੈਨੇਡਾ ਓਪਨ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਹੇਹਰ ਪਰਿਵਾਰ ਦੇ ਲੜਕੇ ਉਮਰ 36 ਸਾਲ ਕੱਦ 5 ਫੁੱਟ 9 ਇੰਚ ਵਿਦਿਅਕ ਯੋਗਤਾ ਹਾਈ ਸਕੂਲ ,ਕਾਰ ਆਟੋ ਬਾਡੀ ਜਰਨੀਮੈਨ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਹੋਲਡਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 780 243 5814 ***265***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਹਾਂਸ ਪਰਿਵਾਰ ਦੇ ਲੜਕੇ,ਉਮਰ 26 ਸਾਲ,ਕੱਦ 6 ਫੁੱਟ 1 ਇੰਚ,ਵਿਦਿਅਕ ਯੋਗਤਾ: ਮਕੈਨੀਕਲ ਟੈਕਨੀਸ਼ੀਅਨ ਡਿਪਲੋਮਾ ਹੋਲਡਰ ਲਈ ਪੜੀ ਲਿਖੀ,ਲੰਮੇ ਕੱਦ ਵਾਲੀ,ਪਰਿਵਾਰਕ ਕਦਰਾਂ ਕੀਮਤਾਂ ਨੂੰ ਸਮਝਣ ਵਾਲੀ, ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 437 233 5450 ਜਾਂ ਵਟਸਐਪ: 95011 86208 ***264***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਬੀ ਸੀ ਰਹਿੰਦੇ ਜੱਟ ਸਿੱਖ ਚੀਮਾਂ ਪਰਿਵਾਰ ਦੇ ਹਾਕੀ ਪਲੇਅਰ ਲੜਕੇ ਉਮਰ 33 ਸਾਲ, ਕੱਦ 6 ਫੁੱਟ 2 ਇੰਚ, ਅਕਾਊਂਟਿੰਗ ਡਿਪਲੋਮਾਂ ਹੋਲਡਰ, ਹੁਣ 70 ਤੋਂ 80 ਹਜਾਰ ਡਾਲਰ ਦੀ ਚੰਗੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਅਤੇ ਕੈਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ: 403 918 5718 ਜਾਂ 403 293 5718 ***264***

### ਲੜਕੀ ਦੀ ਲੋੜ

ਜੱਟ ਸਿੱਖ ਹੁੰਦਲ ਪਰਿਵਾਰ ਦੇ ਵਿਜੀਟਰ ਵੀਜ਼ੇ ਤੇ ਆਏ ਨਸ਼ਾ ਰਹਿਤ ਲੜਕੇ, ਉਮਰ 28 ਸਾਲ ਕੱਦ 5 ਫੁੱਟ 10 ਇੰਚ ਵਿਦਿਅਕ ਯੋਗਤਾ: +2,ਆਈ ਟੀ ਆਈ ਤੋਂ ਵੈਲਡਰ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ,ਸਟੱਡੀ ਪਰਮਿਟ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਾਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦੀ ਵੱਡੀ ਭੈਣ ਕਨੇਡਾ ਸੈਂਟਲ ਹੈ ।ਮਾਪਿਆਂ ਕੋਲ ਵੀ ਕਨੇਡੀਅਨ ਵੀਜ਼ਾ ਹੈ । ਵਿਨੀਪੈਗ ਨੂੰ ਪਹਿਲ 431-866-5313 ਜਾਂ ਈਮੇਲ- hundalsingh996@gmail.com ***264***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜ਼ਾ ਉੱਪਰ ਆਏ ਜੱਟ ਸਿੱਖ ਸਰਾਂ ਪਰਿਵਾਰ ਦੇ ਲੜਕੇ ਉਮਰ 24 ਸਾਲ, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਗਰੇਡ 12, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 905 781 8408 ਜਾਂ ਈ ਮੇਲ: arshpreetsaran3 @gmail.com ***263 ***

### ਲੜਕੀ ਦੀ ਲੋੜ

ਕਨੇਡੀਅਨ ਜੰਮਪਲ, ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਮਾਸਟਰ ਇਨ ਅਕਾਊਂਟਿੰਗ, ਆਪਣੇ ਬਿਜਨਿਸ ਵਿੱਚ ਵੈੱਲ ਸੈਟਲਡ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕਨੇਡੀਅਨ ਜੰਮਪਲ, ਕੱਦ 5 ਫੁੱਟ 4 ਇੰਚ ਤੋਂ 5 ਫੁੱਟ 8 ਇੰਚ ਦੇ ਵਿਚਕਾਰ ਅਤੇ ਪਰਿਵਾਰਕ ਕਦਰਾਂ ਕੀਮਤਾਂ ਵਾਲੀ ਹੋਵੇ। ਸੰਪਰਕ: 1 306 470 0094 ***263 ***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਪੱਗ ਬੰਨਦੇ, ਵੈਜੀਟੇਰੀਅਨ ਲੜਕੇ ਉਮਰ 28 ਸਾਲ,ਕੱਦ 5 ਫੁੱਟ 8 ਇੰਚ ਪੜਾਈ ਲਿਖਾਈ: ਪਲੱਸ 2: ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀਆਂ ਦੋਵੇਂ ਭੈਣਾਂ ਕਨੇਡਾ ਰਹਿੰਦੀਆਂ ਹਨ। ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। 403 483 9228 ਜਾਂ ਈ ਮੇਲ: Gursewakgill94@yahoo.com ***263 ***

### ਲੜਕੇ ਦੀ ਲੋੜ

ਪੰਜਾਬ ਦੇ ਤਲਵੰਡੀ ਸਾਬੋ ਇਲਾਕੇ ਨਾਲ ਸਬੰਧਿਤ ਔਲਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਜਨਮ 1982,ਕੱਦ 5 ਫੁੱਟ 7 ਇੰਚ, ਪੜਾਈ ਲਿਖਾਈ ਪਲੱਸ 2 ਐਂਡ ਐਨ ਟੀ ਟੀ, ਹੁਣ ਪਰਾਈਵੇਟ ਸਕੂਲ ਵਿੱਚ ਟੀਚਰ ਦੀ ਜੌਬ ਕਰਦੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੀਆਂ ਦੂਜੀਆਂ ਭੈਣਾਂ ਇੰਡੀਆ ਅਤੇ ਕੈਨੇਡਾ ਵੈੱਲ ਸੈਟਲਡ ਹਨ। ਛੋਟਾ ਭਰਾ ਖੇਤੀਬਾੜੀ ਅਤੇ ਮੈਰਿਜ ਪੈਲੇਸ ਤਲਵੰਡੀ ਸਾਬੋ ਕਾਰੋਬਾਰੀ ਹੈ। ਸੰਪਰਕ: 91 98784 34024 ***263 RG***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ। ਸੰਪਰਕ (ਵਟਸਐਪ): 9583592000

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
Email: punjabiakhbaar@gmail.com
403 640 2000

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ
Bhinder Exterior have the following job positions available as listed below.
• Administrative Assistant
• Civil Engineer
• Business Development
• Stucco Plasterer
• Consultant, Advertising
• Roofer
• Construction Helper
If you have any questions regarding the information provided, please do not hesitate to contact @ +1 403 680 0436 or email at bhinderexteriors13@gmail.com.

### Name Change

I GURPREET SINGH,Son of KULDEEP SINGH, holder of Indian passport No. Z2999353, issued at CHANDIGARH, on 21/01/2015, permanent resident of House No: - 6, Vill: CHANDPURA (BHURTHALI) FATEHABAD PIN: 125133, HARYANA, INDIA presently residing at 61 MARTHA'S HAVEN GREEN NE, CALGARY (AB) T3J 3X5 CANADA Do hereby change My name from GURPREET SINGH to GURPREET SINGH SIDHU with immediate effect.
Date: 28/02/2025 Phone: 1 (403) 430-0440

### Name Change

I, SUKHRAJ SINGH, Son of NARINDER SINGH, holder of Indian passport No. T0455100, issued at JALANDHAR, on 14/03/2019, permanent resident of VPO: TERKIANA, TEH: DASUYA,HOSHIARPUR, PIN: 144205.PUNJAB, INDIA presently residing at 88 Corner Meadows Gate, NE, Calgary (AB) T3N 1J8 CANADA, Do hereby change My name from SUKHRAJ SINGH to SUKHRAJ SINGH DHALIWAL with immediate effect.
Date: 03/03/2025 Phone: 1 250 601 1313

## ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਨਸ਼ਾ ਤਸਕਰਾਂ ਨੂੰ ਪੰਜਾਬ ਛੱਡ ਜਾਣ ਦੀ ਚੇਤਾਵਨੀ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਧੀਨ ਅੱਜ ਪੇਂਡੂ ਵਿਕਾਸ ਤੇ ਪੰਚਾਇਤ, ਉਦਯੋਗ ਤੇ ਵਣਜ, ਪੂੰਜੀ ਨਿਵੇਸ਼ ਪ੍ਰੋਤਸਾਹਨ, ਕਿਰਤ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਬੱਚਤ ਭਵਨ ਵਿਖੇ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸੌਂਦ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਦਾ ਘਾਣ ਕਰਨ ਵਾਲੇ ਨਸ਼ਾ ਤਸਕਰਾਂ ਲਈ ਹੁਣ ਪੰਜਾਬ ਵਿੱਚ ਕੋਈ ਥਾਂ ਨਹੀਂ ਹੈ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਕਿਹਾ ਕਿ ਸ਼ਹੀਦਾਂ ਦੀ ਧਰਤੀ ਫ਼ਤਹਿਗੜ੍ਹ ਸਾਹਿਬ ਵਿੱਚੋਂ ਨਸ਼ਿਆਂ ਦੇ ਕੋਹੜ ਦਾ ਖਾਤਮਾ ਕਰਨ ਲਈ ਮਾਸਟਰ ਪਲਾਨ ਤਿਆਰ ਕੀਤਾ ਜਾਵੇ ਅਤੇ ਸਕੂਲਾਂ ਕਾਲਜਾਂ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਵਿਆਪਕ ਪੱਧਰ 'ਤੇ ਮੁਹਿੰਮ ਸ਼ੁਰੂ ਕੀਤੀ ਜਾਵੇ ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਨਸ਼ਿਆਂ ਦੀ ਗ੍ਰਿਫਤ ਵਿੱਚ ਨਾ ਫਸ ਸਕੇ। ਉਨ੍ਹਾਂ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜ਼ਿਲ੍ਹੇ ਦਾ ਇੱਕ ਹੈਲਪ ਲਾਇਨ ਨੰਬਰ ਜਾਰੀ ਕਰਨ ਲਈ ਵੀ ਜ਼ਿਲ੍ਹਾ ਅਧਿਕਾਰੀਆਂ ਨੂੰ ਹਦਾਇਤ ਕੀਤੀ।

ਮੀਟਿੰਗ ਤੋਂ ਪਹਿਲਾਂ ਕੈਬਿਨੇਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਗੁਰੂਦਵਾਰਾ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਨਸ਼ਿਆਂ ਦੇ ਖਾਤਮੇ ਲਈ ਸ਼ੁਰੂ ਕੀਤੇ ਯੁੱਧ ਦੀ ਕਾਮਯਾਬੀ ਲਈ ਅਰਦਾਸ ਕੀਤੀ।

ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੌਂਦ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਪਣੇ ਪਹਿਲੇ ਤਿੰਨ ਸਾਲਾਂ ਦੌਰਾਨ 6500 ਤੋਂ ਵੱਧ ਵੱਡੇ ਨਸ਼ਾ ਤਸਕਰ ਅਤੇ 2022 ਤੋਂ ਹੁਣ ਤੱਕ 45000 ਛੋਟੇ ਨਸ਼ਾ ਤਸਕਰ ਕਾਬੂ ਕਰਕੇ ਤਸਕਰਾਂ 'ਤੇ 30 ਹਜ਼ਾਰ ਤੋਂ ਵੱਧ ਐਨ.ਡੀ.ਪੀ.ਐਸ. ਐਕਟ ਅਧੀਨ ਪਰਚੇ ਦਰਜ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਨਸ਼ਾ ਤਸਕਰਾਂ ਤੇ ਪੁਲਿਸ ਮੁਲਾਜ਼ਮਾਂ ਦੇ ਗਠਜੋੜ ਨੂੰ ਤੋੜਨ ਵਾਸਤੇ 10 ਹਜ਼ਾਰ ਤੋਂ ਵੱਧ ਪੁਲਿਸ ਮੁਲਾਜ਼ਮਾਂ ਦੀਆਂ ਬਦਲੀਆਂ ਕੀਤੀਆਂ ਗਈਆਂ ਹਨ।

## ਆਪ ਅਗੂ ਬਲਤੇਜ ਪੰਨੂ ਨੇ ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਲੜਾਈ ਵਿੱਚ ਸਾਜ਼ਿਸ਼ ਰਚਣ ਦੇ ਲਾਏ ਦੋਸ਼

ਚੰਡੀਗੜ੍ਹ, (ਪੰਜਾਬੀ ਅਖਬਾਰ ਬਿਊਰੋ) - ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਤੇਜ ਪੰਨੂ ਨੇ ਬਿਆਨ ਦਿੰਦੇ ਹੋਏ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਜਾਣਬੁੱਝ ਕੇ ਪਟੜੀ ਤੋਂ ਉਤਾਰਨ ਦੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਆਪਣੀ ਟਿੱਪਣੀ ਵਿੱਚ, ਪੰਨੂ ਨੇ ਮਾਨ ਸਰਕਾਰ ਦੁਆਰਾ ਨਸ਼ਿਆਂ ਦੇ ਖ਼ਤਰੇ ਨਾਲ ਨਜਿੱਠਣ ਲਈ ਚੁੱਕੇ ਗਏ ਸਰਗਰਮ ਉਪਾਵਾਂ ਦਾ ਜ਼ਿਕਰ ਕੀਤਾ ਅਤੇ ਹਾਲ ਹੀ ਵਿੱਚ ਹੋਈ ਘਟਨਾਵਾਂ 'ਤੇ ਚਿੰਤਾ ਪ੍ਰਗਟ ਕੀਤੀ ਜੋ ਇਸ ਮਹੱਤਵਪੂਰਨ ਲੜਾਈ ਤੋਂ ਧਿਆਨ ਭਟਕਾਉਣ ਦੇ ਉਦੇਸ਼ ਨਾਲ ਕੀਤੇ ਜਾ ਰਹੇ ਹਨ।

ਪੰਜਾਬ ਜੋ ਪਿਛਲੀਆਂ ਸਰਕਾਰਾਂ ਦੀ ਅਣਗਹਿਲੀ ਅਤੇ ਨਾਕਾਮੀਆਂ ਕਾਰਨ ਲੰਮੇ ਸਮੇਂ ਤੋਂ ਪੀੜਤ ਸੀ, ਹੁਣ ਮਾਨ ਸਰਕਾਰ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਦਾ ਗਵਾਹ ਹੈ। ਹਰ ਪੁਲਿਸ ਸਟੇਸ਼ਨ ਨੂੰ ਅਪਗ੍ਰੇਡ ਕੀਤਾ ਗਿਆ ਹੈ, ਭਾਵੇਂ ਉਹ ਵਾਹਨਾਂ, ਇਮਾਰਤਾਂ ਜਾਂ ਇੰਟਰਨੈੱਟ ਸਹੂਲਤਾਂ ਦੇ ਰੂਪ ਵਿੱਚ ਹੋਵੇ। ਇਸ ਵਿਆਪਕ ਰਣਨੀਤੀ ਦੇ ਨਤੀਜੇ ਵਜੋਂ ਪਿਛਲੇ ਕੁਝ ਦਿਨਾਂ ਵਿੱਚ ਡਰੱਗ ਸਪਲਾਇਰਾਂ 'ਤੇ ਵੱਡੇ ਪੱਧਰ 'ਤੇ ਸ਼ਿਕੰਜਾ ਕੱਸਿਆ ਗਿਆ ਹੈ। ਪੰਨੂ ਨੇ ਜ਼ੋਰ ਦੇ ਕੇ ਕਿਹਾ ਕਿ ਇਹਨਾਂ ਅਪਰਾਧੀਆਂ ਦੁਆਰਾ ਪੈਦਾ ਕੀਤੇ ਗਏ ਡਰ ਨੂੰ ਸਿਰਫ਼ ਪੰਜਾਬ ਵਿੱਚ ਹੀ ਨਹੀਂ, ਸਗੋਂ ਦੇਸ਼ ਭਰ ਵਿੱਚ ਮਹਿਸੂਸ ਕੀਤਾ ਜਾ ਰਿਹਾ ਹੈ।

ਉਨ੍ਹਾਂ ਨੇ ਤਹਿਸੀਲਦਾਰਾਂ ਦੀ ਸਮੂਹਿਕ ਛੁੱਟੀ ਅਤੇ ਕੁਝ ਕਿਸਾਨ ਸੰਗਠਨਾਂ ਸਮੇਤ ਕੁਝ ਸਮੂਹਾਂ ਦੁਆਰਾ ਨਵੇਂ ਵਿਰੋਧ ਪ੍ਰਦਰਸ਼ਨਾਂ ਦੇ ਐਲਾਨ ਵਰਗੇ ਗੈਰ-ਸੰਬੰਧਿਤ ਅੰਦੋਲਨਾਂ ਦੇ ਸ਼ੱਕੀ ਸਮੇਂ ਨੂੰ ਵੀ ਉਜਾਗਰ ਕੀਤਾ। ਪੰਨੂ ਨੇ ਕਿਹਾ ਇਹ ਘਟਨਾਵਾਂ ਨਸ਼ਿਆਂ ਵਿਰੁੱਧ ਚੱਲ ਰਹੀ ਜੰਗ ਨੂੰ ਰੋਕਣ ਦੀ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਦਾ ਸੰਕੇਤ ਦਿੰਦੀਆਂ ਹਨ। ਸਰਕਾਰ ਦੀ ਮੁਹਿੰਮ ਦੁਆਰਾ ਪੈਦਾ ਕੀਤੇ ਗਏ ਨਸ਼ਾ ਸਪਲਾਇਰਾਂ ਵਿੱਚ ਵਿਆਪਕ ਦਹਿਸ਼ਤ ਦਾ ਮੁਕਾਬਲਾ ਅੰਦੋਲਨ ਅਤੇ ਸਮੂਹਿਕ ਛੁੱਟੀ ਵਿਰੋਧ ਪ੍ਰਦਰਸ਼ਨਾਂ ਦੇ ਆਲੇ-ਦੁਆਲੇ ਵੱਡੇ ਪੱਧਰ 'ਤੇ ਸੁਰਖ਼ੀਆਂ ਤਿਆਰ ਕਰਕੇ ਕੀਤਾ ਜਾ ਰਿਹਾ ਹੈ, ।

## 'ਯੁੱਧ ਨਸ਼ਿਆਂ ਵਿਰੁੱਧ': ਪੰਜਾਬ ਪੁਲਿਸ ਨੇ 164 ਮੈਡੀਕਲ ਦੁਕਾਨਾਂ ਦੀ ਕੀਤੀ ਚੈਕਿੰਗ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਨੂੰ ਲਗਾਤਾਰ ਚੌਥੇ ਦਿਨ ਜਾਰੀ ਰੱਖਦਿਆਂ ਪੰਜਾਬ ਪੁਲਿਸ ਨੇ 164 ਮੈਡੀਕਲ ਦੁਕਾਨਾਂ ਦਾ ਨਿਰੀਖਣ ਕੀਤਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਨਸ਼ੀਲੀਆਂ ਗੋਲੀਆਂ ਜਾਂ ਕਿਸੇ ਵੀ ਹੋਰ ਨਸ਼ੀਲੇ ਪਦਾਰਥ ਦੀ ਵਿਕਰੀ ਨਾ ਕਰਦੇ ਹੋਣ ਅਤੇ ਦਵਾਈਆਂ ਦੀ ਵਿਕਰੀ ਸੰਬੰਧੀ ਨਿਰਧਾਰਤ ਨਿਯਮਾਂ ਦੀ ਪਾਲਣਾ ਕਰਦੇ ਹੋਣ।ਇਹ ਚੈਕਿੰਗ ਛੇ ਜ਼ਿਲ੍ਹਿਆਂ ਹੁਸ਼ਿਆਰਪੁਰ, ਐਸਬੀਐਸ ਨਗਰ, ਜਲੰਧਰ ਦਿਹਾਤੀ, ਕਮਿਸ਼ਨਰੇਟ ਜਲੰਧਰ, ਕਪੂਰਥਲਾ ਅਤੇ ਰੂਪਨਗਰ ਵਿੱਚ ਕੀਤੀ ਗਈ।ਇਸ ਤੋਂ ਇਲਾਵਾ, ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ (ਕਾਸੋ) ਨੂੰ ਜਾਰੀ ਰੱਖਦਿਆਂ ਅੱਜ ਸੂਬੇ ਭਰ ਵਿੱਚ 524 ਸਥਾਨਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚਲਦਿਆਂ 53



ਐਫਆਈਆਰਜ਼ ਦਰਜ ਕਰਕੇ 69 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਨਾਲ ਸਿਰਫ਼ ਚਾਰ ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਗਿਣਤੀ 472 ਹੋ ਗਈ ਹੈ।ਇਸ ਛਾਪੇਮਾਰੀ ਦੌਰਾਨ ਗ੍ਰਿਫਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ 'ਚੋਂ 1.5 ਕਿਲੋ ਹੈਰੋਇਨ, 100 ਗ੍ਰਾਮ ਅਫੀਮ, 7610 ਨਸ਼ੀਲੀਆਂ ਗੋਲੀਆਂ/ਕੈਪਸੂਲ/ਟੀਕੇ ਅਤੇ 1.33 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।ਇਹ ਆਪਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ ਨੂੰ ਆਉਣ ਵਾਲੇ ਤਿੰਨ ਮਹੀਨਿਆਂ ਵਿੱਚ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਗਏ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਪੈਸ਼ਲ ਡੀਜੀਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਦੱਸਿਆ ਕਿ 101 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1900 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 250 ਤੋਂ ਵੱਧ ਪੁਲਿਸ ਟੀਮਾਂ ਵੱਲੋਂ ਸੂਬੇ ਭਰ ਵਿੱਚ ਛਾਪੇਮਾਰੀ ਕੀਤੀ ਗਈ ਹੈ ਅਤੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 627 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਵਿਆਪਕ ਰਣਨੀਤੀ ਤਿਆਰ ਕੀਤੀ ਹੈ ਅਤੇ ਅਜਿਹੇ ਆਪ੍ਰੇਸ਼ਨ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਤੱਕ ਜਾਰੀ ਰਹਿਣਗੇ।ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਵੱਲੋਂ ਇਸ ਰਣਨੀਤੀ ਦੇ 'ਡੀਅਡਿਕਸ਼ਨ' ਹਿੱਸੇ ਵਜੋਂ ਤਿੰਨ ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਪ੍ਰੇਰਿਆ ਗਿਆ ਹੈ, ਜਦਕਿ ਪ੍ਰੀਵੈਂਸ਼ਨ ਹਿੱਸੇ ਤਹਿਤ ਸੂਬੇ ਭਰ ਵਿੱਚ 161 ਜਾਗਰੂਕਤਾ ਸਮਾਗਮ ਕਰਵਾਏ ਗਏ।




# ਮੱਘਦਾ ਰਹੀਂ ਵੇ ਸੂਰਜਾ

**ਸੰਤ ਰਾਮ ਉਦਾਸੀ**

***ਮੇਰੀ ਮੌਤ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ***

ਕਿਸਾਨ ਤੇ ਸੀਰੀ ਦੀ ਸਾਂਝੀ ਵਿਥਿਆ ਨੂੰ ਬਿਆਨ ਕਰਦਾ ਉਦਾਸੀ ਆਖਦਾ ਹੈ ਕਿ ਮਿਹਨਤ ਮਜ਼ਦੂਰੀ ਕਰਕੇ ਪੈਦਾ ਕੀਤੀ ਫਸਲ ਦਾ ਮੰਡੀ ਵਿੱਚ ਸਹੀ ਮੁੱਲ ਨਹੀਂ ਪੈਂਦਾ:

*ਗਲ਼ ਲੱਗ ਕੇ ਸੀਰੀ ਦੇ ਜੱਟ ਰੋਵੇ*
*ਬੋਹਲਾਂ ਵਿੱਚੋਂ ਨੀਰ ਵਗਿਆ*
*ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ*
*ਤੂੜੀ ਵਿੱਚੋਂ ਪੁੱਤ ਜੱਗਿਆ*
*ਸਾਡੇ ਪਿੜ ਵਿੱਚ ਤੇਰੇ ਗਲ਼ ਚੀਥੜੇ*
*ਨੀਂ ਮੇਰੀਏ ਜੁਆਨ ਕਣਕੇ*
*ਕੱਲ੍ਹ ਸ਼ਾਹਾਂ ਦੇ ਗੁਦਾਮ ਵਿੱਚੋਂ ਨਿੱਕਲੇਂ*
*ਤੂੰ ਸੋਨੇ ਦਾ ਪਟੋਲਾ ਬਣ ਕੇ*

ਲੋਕਾਂ ਨੂੰ ਲਾਰੇ ਲਾ ਕੇ, ਵੋਟਾਂ ਲੈ ਕੇ, ਨਿੱਜੀ ਐਸ਼ੋ-ਆਰਾਮ ਕਰਨ ਵਾਲੇ ਲੀਡਰਾਂ ਤੋਂ ਲੋਕਾਂ ਨੂੰ ਸੁਚੇਤ ਕਰਦਾ ਹੈ:

*ਲੋਕੋ ਬਾਜ ਆ ਜਾਓ, ਝੂਠੇ ਲੀਡਰਾਂ ਤੋਂ*
*ਇਹਨਾਂ ਦੇਸ਼ ਨੂੰ ਬਿਲੇ ਲਗਾ ਛੱਡਣੈ*
*ਇਹਨਾਂ ਦੇਸ਼ ਦਾ ਕੁੱਝ ਵੀ ਛੱਡਿਆ ਨਹੀਂ*
*ਇਹਨਾਂ ਥੋਨੂੰ ਵੀ ਵੇਚ ਕੇ ਖਾ ਛੱਡਣੈ*

ਸ਼ਹਾਦਤ ਦਾ ਜਾਮ ਪੀ ਚੁੱਕੇ ਨੌਜਵਾਨਾਂ ਦੇ ਪਿੰਡ ਦੇ ਹਾਲਾਤ, ਬਜ਼ੁਰਗ ਮਾਪਿਆਂ ਦੇ ਹਾਲਾਤ ਤੇ ਪਰਿਵਾਰ ਦੀ ਚਿੰਤਾ ਉਦਾਸੀ ਦੇ ਗੀਤ ਵਿੱਚ ਇੰਝ ਆਉਂਦੀ ਹੈ:

*ਮਾਰੇ ਗਏ ਮਿੱਤਰਾਂ ਦੇ ਪਿੰਡ ਦੀਏ 'ਵਾਏ*
*ਖੈਰ-ਸੁੱਖ ਦਾ ਸੁਨੇਹੜਾ ਕੋਈ ਲਿਆ*
*ਓਸ ਮਾਂ ਦਾ ਬਣਿਆ ਕੀ ਆਂਦਰਾਂ ਦੀ ਅੱਗ ਜੀਹਦੀ*
*ਗਈ ਕਸਤੂਰੀਆਂ ਖਿੰਡਾ*
*ਭਾਰ ਉਹਦੇ ਬਾਪੂ ਦਾ ਨੀਂ ਕੁੱਬੀ ਹੋਈ ਕੰਡ ਉੱਤੋਂ*
*ਕਿਸੇ ਨੇ ਵੰਡਾਇਆ ਸੀ ਕਿ ਨਾ*
*ਸੁਣੀਦਾ ਸੀ ਭੈਣ ਉਹਦੀ ਸਾਂਭ ਕੇ ਸੁਗੰਧੀਆਂ ਨੂੰ*
*ਜਾਣਾ ਹੈ ਸੀ ਓਪਰੇ ਗਰਾਂ*
*ਜੀਹਦਾ ਵੀਰਾ ਅੱਜ ਖੱਟੀ ਚੁੰਨੀ ਨਾ ਲਿਆਇਆ*


ਸੰਤ ਰਾਮ ਉਦਾਸੀ

*ਉਹਨੂੰ ਕਿੰਨਾ ਕੁ ਤੀਆਂ ਦਾ ਹੋਊ ਚਾਅ*

ਕੈਨੇਡਾ ਫੇਰੀ ਸਮੇਂ ਇਕ ਮੁਲਾਕਾਤ ਵਿੱਚ 'ਸਾਧੂ ਬਿਨੰਗ' ਨੇ ਉਦਾਸੀ ਨੂੰ ਸੁਆਲ ਕੀਤਾ ਕਿ ਤੁਸੀਂ (ਇਪਨਾ) ਦੇ ਸੱਦੇ ਤੇ ਕੈਨੇਡਾ ਆਏ ਹੋ, ਜੇ ਤੁਹਾਨੂੰ ਖੁੱਲ੍ਹ ਹੋਵੇ ਕਿ ਤੁਸੀਂ ਆਪਣੇ ਨਿੱਜੀ ਫੈਸਲੇ ਤੇ ਇੱਥੇ ਰਹਿ ਸਕੋ ਤਾਂ ਕੀ ਤੁਸੀਂ ਕੈਨੇਡਾ ਰਹਿਣਾ ਪਸੰਦ ਕਰੋਗੇ, ਤਾਂ ਅੱਗੋਂ ਸੰਤ ਰਾਮ ਉਦਾਸੀ ਨੇ ਜੁਆਬ ਦਿੱਤਾ,

"ਮੈਂ ਇੱਥੇ ਰਹਿਣਾ ਬਿਲਕੁੱਲ ਪਸੰਦ ਨਹੀਂ ਕਰਦਾ, ਇੱਥੇ ਮੇਰਾ ਚਿੱਤ ਨਹੀਂ ਲਗਦਾ। ਮੈਨੂੰ ਆਪਣੇ ਲੋਕ ਬਹੁਤ ਪਿਆਰੇ ਲਗਦੇ ਹਨ। ਜਿੱਥੇ ਮੈਂ ਕੰਮ ਕਰਨਾਂ ਹੈ। ਜਿਹੜੇ ਲੋਕਾਂ ਵਿੱਚ ਮੇਰਾ ਆਧਾਰ ਹੈ, ਮੈਂ ਉਹਨਾਂ ਲੋਕਾਂ ਤੋਂ ਵੱਖ ਨਹੀਂ ਰਹਿਣਾ ਚਾਹੁੰਦਾ। ਇਹ ਭਾਵ ਉਸਨੇ ਇਸ ਰਿਕਾਰਡ ਦੇ ਅਖੀਰਲੇ ਗੀਤ ਵਿੱਚ ਇੰਝ ਲਿਖੇ ਹਨ:

*ਮੈਂ ਤਾਂ ਜੀਅ ਹਾਂ, ਇਕ ਨਰਕਾਂ ਦੇ ਹਾਣ*
*ਦਾ ਮੈਂ ਨੀ ਸੁਰਗਾਂ ਦੇ ਸੁੱਖਾਂ ਨੂੰ ਸਿਆਣਦਾ*
*ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼*
*ਮੈਨੂੰ ਜੁੜਿਆ ਜੜਾਂ ਦੇ ਨਾਲ ਰਹਿਣ ਦੇ*
*ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼*

(ਇਪਨਾ) ਦੁਆਰਾ ਕੈਨੇਡਾ ਦੀ ਧਰਤੀ ਤੇ ਉਦਾਸੀ ਦੇ ਇੰਨ੍ਹਾਂ ਗੀਤਾਂ ਦੀ ਰਿਕਾਰਡਿੰਗ ਤੋਂ ਪੂਰੇ ਦਸ ਵਰ੍ਹਿਆਂ ਬਾਅਦ ਇਹ ਗੀਤ ਫਿਰ ਚਰਚਾ ਵਿੱਚ ਆਏ। ਜਦ ਸੰਤ ਰਾਮ ਉਦਾਸੀ ਦੇ ਇਹਨਾਂ ਗੀਤਾਂ ਦੇ ਸਮਕਾਲੀ ਲਹਿਰ ਦੇ ਮੱਠਾ ਪੈ ਜਾਣ ਬਾਅਦ ਪੰਜਾਬ ਵਿੱਚ ਸ਼ਿੰਗਾਰਾ ਸਿੰਘ ਚਹਿਲ ਨੇ ਇੰਨਾਂ ਗੀਤਾਂ ਨੂੰ 1989 ਵਿੱਚ ਕੈਸਿਟ ਦੇ ਰੂਪ ਵਿੱਚ ਟਾਇਟਲ "ਚੂੜੀਆਂ ਦਾ ਹੋਕਾ" ਹੇਠ ਰਿਕਾਰਡ ਕਰਵਾਇਆ ਗਿਆ। ਇਸ ਤਰ ਾਂ ਇਹ ਗੀਤ ਧੁਖਦੇ-ਧੁਖਦੇ ਲੰਮੀ ਖਾਮੋਸ਼ੀ ਬਾਅਦ ਆਮ ਪੰਜਾਬੀ ਸਰੋਤਿਆਂ ਤੱਕ ਅੱਪੜੇ। ਇਹ ਕੈਸਿਟ ਬਹੁਤ ਵੱਡੀ ਗਿਣਤੀ ਵਿੱਚ ਵਿਕੀ। ਇਸ ਕੈਸਿਟ ਦੀ ਸਫਲਤਾ ਤੋਂ ਚਾਰ ਕੁ ਮਹੀਨਿਆਂ ਬਾਅਦ ਹੀ ਦੂਜੀ ਕੈਸਿਟ "ਕੰਮੀਆਂ ਦਾ ਵਿਹੜਾ" ਵੀ ਇੰਨ੍ਹਾਂ ਵਿੱਚੋਂ ਬਾਕੀ ਚੋਣਵੇਂ ਗੀਤ ਲੈ ਕੇ ਰਿਕਾਰਡ ਕਰਵਾਈ ਗਈ ਅਤੇ ਉਹ ਵੀ ਪੂਰੀ ਤਰ੍ਹਾਂ ਸਫਲ ਰਹੀ। ਅਸਲ ਵਿੱਚ ਇੰਨ੍ਹਾਂ ਕੈਸਿਟਾਂ ਦੀ ਸਫਲਤਾ ਦਾ ਪੈਮਾਨਾ ਨਿੱਜੀ ਫਾਇਦਾ ਨਾ ਹੋ ਕੇ ਸੰਤ ਰਾਮ ਉਦਾਸੀ ਦੀ ਗੀਤਕਾਰੀ ਨੂੰ ਆਮ ਲੋਕਾਂ ਤੱਕ ਪਹੁੰਚਣ ਵਿੱਚ ਸੀ। ਇਸ ਤੋਂ ਬਾਅਦ ਤਾਂ ਪੰਜਾਬੀ ਕਮਰਸ਼ੀਅਲ ਗਾਇਕੀ ਦੇ ਗਾਇਕਾਂ ਵਿੱਚੋਂ ਜਸਬੀਰ ਜੱਸੀ, ਦਵਿੰਦਰ ਕੋਹੇਨੂਰ ਨੇ ਉਦਾਸੀ ਦੇ ਗੀਤਾਂ ਨੂੰ ਆਪਣੀ ਆਵਾਜ਼ ਵਿੱਚ ਰਿਕਾਰਡ ਕਰਵਾਇਆ।

ਸੰਤ ਰਾਮ ਉਦਾਸੀ ਦੀ ਕਾਵਿ ਕਲਾ ਨੂੰ ਰੂਪਗਤ ਪੱਖ ਤੋਂ ਪੰਜਾਬੀ ਵਿੱਚ ਆਮ ਪ੍ਰਚੱਲਣ ਵਿੱਚ ਕਾਵਿ ਦੇ ਵਿਭਿੰਨ ਰੂਪਾਕਾਰਾਂ ਤੋਂ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ। ਉਹ ਆਮ ਪੰਜਾਬੀ ਕਵਿਤਾ, ਗਜ਼ਲ ਅਤੇ ਗੀਤਾਂ ਵਾਲੇ ਰੂਪਾਕਾਰ ਅਪਣਾਉਂਦਾ ਹੈ, ਪਰ ਉਸ ਦਾ ਬਿੰਬ ਵਿਧਾਨ ਅਤੇ ਅਲੰਕਾਰ ਜੁਗਤ ਨਿਵੇਕਲੇ ਕਿਸਮ ਦਾ ਨਜ਼ਰ ਆਉਂਦਾ ਹੈ ਜੋ ਕਿ ਆਪਣੇ ਨਿਵੇਕਲੇ ਵਿਸ਼ਾ ਵਸਤੂ ਕਾਰਨ ਕੁਦਰਤੀ ਜਾਪਦਾ ਹੈ।

ਬਿੰਬ ਵਿਧਾਨ ਦੀਆਂ ਕੁੱਝ ਉਦਾਹਰਣਾਂ ਵਿੱਚ ਚੰਡੀ ਦੀ ਵਾਰ ਬਣ ਕੇ ਉੱਠਣਾ, ਹੱਕਾਂ ਦੀਆਂ ਮੰਜ਼ਿਲਾਂ, ਸੇਠ ਨੂੰ ਬਾਂਹ ਫੜਾਉਣਾ, ਪਿਆਰ ਦੇ ਹੰਝੂ ਵਹਾਉਣਾ, ਸੱਧਰਾਂ ਤੇ ਸੰਗਲ, ਰਾਠਾਂ ਦਿਆਂ ਕਿੱਲਾਂ ਵਾਲੇ ਬੂਟ ਆਦਿ ਅਤੇ ਇਸ ਤਰ੍ਹਾਂ ਹੀ ਅਲੰਕਾਰਾਂ ਵਿੱਚ ਦਿੱਲੀਏ ਦਿਆਲਾ ਦੇਖ ਦੇਗ 'ਚ ਉਬਲਦਾ, ਲਹੂ ਦਾ ਕੇਸਰ, ਕੁੱਲੀ ਦਾ ਮਹਿਲ ਬਣਾਉਣਾ, ਪਿੰਡਾ ਕਿਸੇ ਚੋਗੀ ਦਾ ਨੀਂ ਨਰਮੇ ਦੇ ਫੁੱਟ ਜਿਹਾ ਆਦਿ ਅਨੇਕਾਂ ਉਦਾਹਰਨਾਂ ਹਨ ਜੋ ਉਸ ਦੇ ਕਾਵਿ ਦੇ ਵਿਸ਼ਾ ਵਸਤੂ ਨੂੰ ਪ੍ਰਚੰਡ ਕਰਦੀਆਂ ਹਨ।

ਪੰਜਾਬੀ ਕਾਵਿ ਸਾਹਿਤ ਵਿੱਚ ਇਨਕਲਾਬੀ ਪੁੱਠ ਵਾਲਾ ਕਾਵਿ ਕੋਈ ਨਿਵੇਕਲਾ ਅਤੇ ਹੁਣੇ-ਹੁਣੇ ਆਇਆ ਹੋਇਆ ਸੰਕਲਪ ਨਹੀਂ ਹੈ। ਇਹ ਪੁਰਾਤਨ ਪੰਜਾਬੀ ਸਾਹਿਤ ਤੋਂ ਮੱਧਕਾਲੀ ਪੰਜਾਬੀ ਸਾਹਿਤ ਰਾਹੀਂ ਆਧੁਨਿਕ ਪੰਜਾਬੀ ਗੀਤਾਂ ਅਤੇ ਵੱਖ-ਵੱਖ ਕਾਵਿ ਰੂਪਾਂ ਵਿੱਚ ਆਇਆ ਹੈ। ਸਿੱਖ ਫਲਸਫਾ ਇਨਕਲਾਬੀ ਸਾਹਿਤ ਨਾਲ ਭਰਿਆ ਪਿਆ ਹੈ। ਗੁਰੂ ਨਾਨਕ ਦੇਵ ਜੀ ਬਾਬਰ ਬਾਣੀ ਜਿਸ ਵਿੱਚ ਉਹ ਬਾਬਰ ਨੂੰ ਲਲਕਾਰਦੇ ਹੋਏ ਕਹਿੰਦੇ ਹਨ, 'ਰਾਜੇ ਸੀਂਹ ਮੁਕੱਦਮ ਕੁੱਤੇ।' ਤਾਂ ਇਸ ਨੂੰ ਅਸੀਂ ਇਨਕਲਾਬੀ ਸਾਹਿਤ ਦਾ ਸਿਖਰ ਆਖ ਸਕਦੇ ਹਾਂ। ਇਸ ਤੋਂ ਇਲਾਵਾ ਭਗਤਾਂ ਅਤੇ ਸੂਫ਼ੀ ਫ਼ਕੀਰਾਂ ਦੁਆਰਾ ਵੀ ਇਨਕਲਾਬੀ ਸੁਰ ਨੂੰ ਪ੍ਰਚੰਡ ਰੂਪ ਵਿੱਚ ਪੇਸ਼ ਕੀਤਾ ਗਿਆ ਹੈ।

ਮੌਜੂਦਾ ਦੌਰ ਵਿੱਚ ਜਦ ਅਸੀਂ ਸੰਤ ਰਾਮ ਉਦਾਸੀ ਦੀ ਕਾਵਿ ਕਲਾ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਦੇਖਦੇ ਹਾਂ ਕਿ ਆਧੁਨਿਕ ਦੌਰ ਵਿੱਚ ਸੰਤ ਰਾਮ ਉਦਾਸੀ ਪੰਜਾਬੀ ਦੇ ਉਨ੍ਹਾਂ ਇੱਕਾ-ਦੁੱਕਾ ਕਵੀਆਂ\ਗੀਤਕਾਰਾਂ ਵਿੱਚ ਆਉਂਦਾ ਹੈ, ਜਿਨ੍ਹਾਂ ਨੇ ਇਨਕਲਾਬੀ ਸੁਰ ਨੂੰ ਦਗਦੇ ਰੂਪ ਵਿੱਚ ਪੇਸ਼ ਕੀਤਾ। ਜਿਸ ਕਾਰਨ ਉਸ ਦੀ ਆਪਣੇ ਸਮੇਂ ਦੇ ਸਮਕਾਲੀ ਕਵੀਆਂ\ਗੀਤਕਾਰਾਂ ਤੋਂ ਇਕ ਵੱਖਰੀ ਪਛਾਣ ਨਜ਼ਰ ਆਉਂਦੀ ਹੈ।

ਅਸਲ ਵਿੱਚ ਪੰਜਾਬੀ ਦੇ ਬਹੁਤ ਸਾਰੇ ਕਵੀਆਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਕਵਿਤਾ ਵਿੱਚ ਇਨਕਲਾਬੀ ਰੰਗ ਨਜ਼ਰ ਆਉਂਦਾ ਹੈ, ਪਰ ਘੋਖ ਕਰਨ ਤੇ ਪਤਾ ਚੱਲਦਾ ਹੈ ਕਿ ਉਨ੍ਹਾਂ ਦਾ ਇਨਕਲਾਬੀ ਰੰਗ ਸਮੇਂ ਦੀਆਂ ਲੋਕ ਮਾਰੂ ਤਾਕਤਾਂ ਦੇ ਖਿਲਾਫ ਉਲਾਂਭੇ ਤੋਂ ਅਗਾਂਹ ਨਹੀਂ ਜਾਂਦਾ। ਤੁਹਾਨੂੰ ਅਜਿਹਾ ਰੰਗ ਬਹੁਤ ਸਾਰੇ ਕਵੀਆਂ\ਗੀਤਕਾਰਾਂ ਦੀਆਂ ਕਿਰਤਾਂ ਵਿੱਚ ਨਜ਼ਰ ਆ ਜਾਵੇਗਾ। ਜਿਸ ਕਾਰਨ ਸਮੇਂ ਦੀਆਂ ਲੋਕਮਾਰੂ ਤਾਕਤਾਂ ਨੂੰ ਇੰਨ੍ਹਾਂ ਤੋਂ ਕੋਈ ਬਹੁਤੀ ਤਕਲੀਫ ਵੀ ਨਹੀਂ ਹੁੰਦੀ।

ਪਰੰਤੂ ਸੰਤ ਰਾਮ ਉਦਾਸੀ ਇਨ੍ਹਾਂ ਤਾਕਤਾਂ ਖਿਲਾਫ ਉਲਾਂਭੇ ਤੋਂ ਅਗਾਂਹ ਜਾ ਕੇ ਲੋਟੂ ਨਿਜ਼ਾਮ ਖਿਲਾਫ ਤਿੱਖੀ, ਸਿੱਧੀ ਅਤੇ ਪ੍ਰਭਾਸ਼ਾਲੀ ਚੋਟ ਕਰਦਾ ਹੈ, ਜਿਸ ਕਾਰਨ ਉਹ ਸਿੱਧੇ ਰੂਪ ਵਿੱਚ ਸਥਾਪਤ ਇਨ੍ਹਾਂ ਲੋਟੂ ਤਾਕਤਾਂ ਦੀ ਨਰਾਜ਼ਗੀ ਸਹੇੜ ਲੈਂਦਾ ਹੈ ਅਤੇ ਇਕ ਕਵੀ\ਗੀਤਕਾਰ ਤੋਂ ਇਕ ਕਦਮ ਅਗਾਂਹ ਵੱਧ ਕੇ ਲੋਕਾਂ ਅਤੇ ਲੋਟੂ ਨਿਜ਼ਾਮ ਵਿੱਚ ਚੱਲ ਰਹੇ ਦਵੰਦ ਦਾ ਹਿੱਸਾ ਬਣ ਜਾਂਦਾ ਹੈ।

ਸੰਤ ਰਾਮ ਉਦਾਸੀ ਦਾ ਜਨਮ 20 ਅਪ੍ਰੈਲ 1939 ਨੂੰ ਮਾਤਾ ਧੰਨ ਕੌਰ ਦੀ ਕੁੱਖੋਂ ਪਿਤਾ ਸ੍ਰ. ਮੇਹਰ ਸਿੰਘ ਦੇ ਘਰ ਪਿੰਡ ਰਾਏਸਰ ਤਹਿਸੀਲ ਬਰਨਾਲਾ, ਜਿਲ੍ਹਾ ਸੰਗਰੂਰ ਵਿੱਚ ਹੋਇਆ। ਸੰਤ ਰਾਮ ਨੂੰ ਵਿਰਾਸਤ ਵਿੱਚ ਸਿਰਫ ਗਰੀਬੀ ਦਾ ਸੇਕ ਹੀ ਮਿਲਿਆ। ਔਖੇ ਸੌਖੇ ਉਸ ਨੇ ਆਪਣੀ ਪੜ੍ਹਾਈ ਜਾਰੀ ਰੱਖੀ। ਪਿੰਡ ਦੇ ਸਕੂਲ ਤੋਂ ਦਸਵੀਂ ਤੇ ਜੇ.ਬੀ.ਟੀ. ਬਖਤਗੜ ਤੋਂ ਕਰ ਲਈ।

ਸੰਤ ਰਾਮ ਨੇ ਗੋਰਕੀ, ਲੈਨਿਨ, ਮਾਰਕਸ, ਏਂਗਲਜ਼ ਜੂਲੀਅਸ, ਤਾਲਸਤਾਏ ਵਰਗੇ ਲੇਖਕਾਂ ਨੂੰ ਪੜ੍ਹਿਆ। 1967 'ਚ ਨਕਸਲਬਾੜੀ ਲਹਿਰ ਦੇ ਉਭਾਰ ਵੇਲੇ ਸੰਤ ਰਾਮ ਇਸ ਲਹਿਰ ਨਾਲ ਜੁੜ ਗਿਆ। ਅਨੇਕਾਂ ਵਾਰ ਗ੍ਰਿਫਤਾਰ ਹੋਇਆ ਅਤੇ ਪੁਲਸ ਦੇ ਤਸ਼ੱਦਦ ਦਾ ਸ਼ਿਕਾਰ ਵੀ ਹੋਇਆ। ਸੰਤ ਰਾਮ ਨੇ ਜੋ ਤਨ 'ਤੇ ਹੰਢਾਇਆ ਉਹ ਹੀ ਲਿਖਿਆ। ਉਸਨੇ ਇਸ਼ਕ ਮੁਸ਼ਕ ਦੇ ਗੀਤ ਨਹੀਂ ਲਿਖੇ। ਉਹ ਕਹਿੰਦਾ ਹੈ ਕਿ ਮੈਂ ਇਸ਼ਕ ਤਾਂ ਕੀਤਾ ਹੀ ਨਹੀਂ। ਮੈਂ ਤਾਂ ਮੇਰੇ ਲੋਕਾਂ ਨਾਲ ਮੁਹੱਬਤ ਕਰਦਿਆਂ ਉਹਨਾਂ ਦਾ ਦਰਦ ਮਹਿਸੂਸ ਕੀਤਾ ਤੇ ਲਿਖਿਆ ਹੈ। ਸੰਤ ਰਾਮ ਨੇ 'ਚੌਨੁਕਰੀਆਂ ਸੀਖਾਂ', 'ਲਹੂ ਭਿੱਜੇ ਬੋਲ' ਤੇ 'ਸੈਨਤਾਂ' ਪੁਸਤਕਾਂ ਲਿਖੀਆਂ।

6 ਨਵੰਬਰ 1986 ਨੂੰ ਹਜ਼ੂਰ ਸਾਹਿਬ ਤੋਂ ਆਉਂਦੇ ਸਮੇਂ ਮਨਵਾੜ ਵਿੱਚ ਰੇਲ ਗੱਡੀ 'ਚ ਉਸਨੇ ਆਖਰੀ ਸਾਹ ਲਿਆ। ਸੰਤ ਰਾਮ ਆਪਣੀ ਵਸੀਅਤ ਵਿੱਚ ਲਿਖ ਗਿਆ।

*ਮੇਰੀ ਮੌਤ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ*
*ਮੇਰੇ ਲਹੂ ਦਾ ਕੇਸਰ, ਰੇਤੇ 'ਚ ਨਾ ਰਲਾਇਓ*

*ਮੇਰੀ ਵੀ ਜ਼ਿੰਦਗੀ ਕੀ, ਬੱਸ ਬੂਰ ਸਰਕੜੇ ਦਾ*
*ਆਹਾਂ ਦਾ ਸੇਕ ਕਾਫੀ, ਤੀਲੀ ਬੇਸ਼ੱਕ ਨਾ ਲਾਇਓ*

*ਹੋਣਾ ਨਹੀਂ ਮੈਂ ਚਾਹੁੰਦਾ, ਸੜ ਕੇ ਸੁਆਹ ਇਕੇਰਾਂ*
*ਜਦ ਜਦ ਢਲੇਗਾ ਸੂਰਜ, ਕਣ ਕਣ ਮੇਰਾ ਜਲਾਇਓ*

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਸਾਬਣ ਦੀ ਖ਼ੁਸ਼ਬੂ




ਅਜੇ ਅੱਠ - ਨੌ ਕੁ ਸਾਲ ਦਾ ਹੋਵਾਂਗਾ ਜਦੋਂ ਗ਼ੁਸਲਖ਼ਾਨੇ ਵਿੱਚੋਂ ਮੈਂ ਖ਼ੁਸ਼ਬੂ ਨੂੰ ਪਸੰਦ ਕਰਨਾ ਸ਼ੁਰੂ ਕਰ ਦਿੱਤਾ। ਜਦ ਮੈਂ ਨਾਨਕੇ ਜਾਣਾ ਤਾਂ ਹਮਾਂਮ ਸਾਬਣ ਦੀ ਮਹਿਕ ਨੂੰ ਮੈਂ ਫੜਦੇ ਰਹਿਣਾ। ਜੇ ਕਿਤੇ ਚੰਡੀਗੜ੍ਹ ਮਾਸੀ ਕੋਲ ਜਾਣਾ ਤੋਂ ਪੀਅਰਸ ਸੋਪ ਨੂੰ ਪਹਿਲਾਂ ਸੁੰਘਣਾ, ਛੋਟੀ ਇਲਾਇਚੀ ਦੀ ਖ਼ੁਸ਼ਬੂ ਨੱਕ ਨੂੰ ਚੜ੍ਹਾਂ ਕੇ ਫਿਰ ਉਸਨੂੰ ਅੱਖਾਂ ਕੋਲ ਲਿਜਾ ਕੇ ਆਰ - ਪਾਰ ਵੇਖਣ ਦੀ ਕੋਸ਼ਿਸ਼ ਕਰਨੀ। ਮਾਸੀ ਦੇ ਗ਼ੁਸਲਖ਼ਾਨੇ ਵਿੱਚ ਦੋ ਤਰ੍ਹਾਂ ਦੇ ਸਾਬਣ ਹੁੰਦੇ ਹਨ ਇੱਕ ਹਮਾਂਮ ਜਾਂ ਰੈਕਸੋਨਾ ਤੇ ਦੂਜਾ ਪੀਅਰਸ ਸੋਪ। ਮਾਸੀ ਨੇ ਕਹਿਣਾ ਪੀਅਰਸ ਸੋਪ ਨਾ ਵਰਤੋਂ ਪਰ ਜਦੋਂ ਚਿਟਕਣੀ ਲਾ ਕੇ ਬਾਲਟੀ ਭਰਣੀ ਤਾਂ ਪਹਿਲਾਂ ਪੀਅਰਸ ਸੋਪ ਲਗਾਉਣਾ, ਉਸਨੂੰ ਧੋ ਕੇ ਫਿਰ ਰੈਕਸੋਨਾ ਦੀ ਵਾਰੀ ਆਉਣੀ। ਬਾਹਰ ਆ ਕੇ ਬਾਹਾਂ ਨੂੰ ਸੁੰਘਦੇ ਰਹਿਣਾਂ ਅਤੇ ਲੱਭਦੇ ਰਹਿਣਾ ਕਿ ਕਿਹੜੇ ਸਾਬਣ ਦੀ ਖ਼ੁਸ਼ਬੂ ਆਉਂਦੀ ਹੈ। ਇਹ ਉਹ ਵਕਤ ਸੀ ਜਦੋਂ ਮੇਰੇ ਕੇਸ ਰੱਖੇ ਹੋਏ ਸਨ। ਐਤਵਾਰ ਨੂੰ ਕੇਸਨਿਖ਼ਾਰ ਸਾਬਣ ਨਾਲ ਨਹਾਉਣਾ, ਵਾਲਾਂ ਦੇ ਸੁੱਕਣ ਤੋਂ ਬਾਦ ਵੀ ਉਨ੍ਹਾਂ ਨੂੰ ਫੜ੍ਹ ਫੜ੍ਹ ਕੇ ਨੱਕ ਦੇ ਕੋਲ ਲਿਆਉਣਾ ਅਤੇ ਸੁੰਘਦੇ ਰਹਿਣਾ। ਸਾਡੇ ਘਰੇ ਲਕਸ ਸਾਬਣ ਵੱਧ ਵਰਤਿਆ ਜਾਂਦਾ ਸੀ। ਇਹ ਉਹ ਵਕਤ ਸੀ ਜਦੋਂ ਜਲੰਧਰ ਦੂਰਦਰਸ਼ਨ ਅਜੇ ਪੂਰਾ ਪੱਬਾਂ-ਭਾਰ ਨਹੀਂ ਹੋਇਆ ਸੀ ਅਤੇ ਸ਼ਾਮ ਨੂੰ ਦਿੱਲੀ ਤੋਂ ਪ੍ਰਸਾਰਨ ਸ਼ੁਰੂ ਹੋ ਜਾਂਦਾ ਸੀ ਤੇ ਕਾਫ਼ੀ ਇਸ਼ਤਿਹਾਰ ਸਾਬਣ - ਸ਼ੈਂਪੂ, ਟੁੱਥ ਪੇਸਟ ਅਤੇ ਵੱਖ ਵੱਖ ਤੇਲ ਨਾਲ ਸੰਬੰਧਿਤ ਹੁੰਦੇ। ਸਿਨੇਮਾਂ ਘਰਾਂ ਵਿੱਚ ਵੀ ਉਸ ਵਕਤ ਇਸ਼ਤਿਹਾਰ ਵਿਖਾਏ ਜਾਂਦੇ ਸਨ। ਸਾਡੇ ਘਰ ਦੇ ਕੋਲ ਪ੍ਰੇਮ ਅਰੋੜਾ ਦੇ ਪਿਤਾ ਨੇ ਕਰਿਆਨਾ ਦੀ ਦੁਕਾਨ ਖੋਲ੍ਹ ਲਈ। ਦਰਅਸਲ ਪਹਿਲਾਂ ਪ੍ਰੇਮ ਦੇ ਬਜ਼ੁਰਗ ਪਿਤਾ ਦੀ




ਦੁਕਾਨ ਜਗਰਾਵਾਂ ਵਾਲੀ ਨਹਿਰ ਦੇ ਕੋਲ ਵੱਸਦੇ ਪਿੰਡ ਅਖਾੜਾ ਵਿੱਚ ਹੁੰਦੀ ਸੀ, ਪੰਜਾਬ ਦੇ ਹਾਲਾਤ ਦਿਨ ਬ ਦਿਨ ਖ਼ਰਾਬਿਆਂ ਰਹੇ ਸਨ ਜਿਸਦੇ ਡਰ ਕਰਕੇ ਪ੍ਰੇਮ ਦਾ ਪਿਓ ਸਾਰਾ ਕੁੱਝ ਅਖਾੜੇ ਤੋਂ ਚੁੱਕ ਕੇ ਸ਼ਹਿਰ ਲੈ ਆਇਆ। ਸ਼ੁਰੂ ਸ਼ੁਰੂ ਵਿੱਚ ਲਾਲਾ ਹੁਕਮ ਚੰਦ ਪਿੰਡਾਂ ਅਨੁਸਾਰ ਸਮਾਨ ਰੱਖਦਾ ਤੇ ਵੇਚਦਾ ਸੀ ਪਰ ਹੌਲੀ ਹੌਲੀ ਜਿਵੇਂ ਲੋਕ ਹੋਰ ਸਮਾਨ ਮੰਗਦੇ ਗਏ ਤੇ ਲਾਲਾ ਜੀ ਉਹ ਲਿਆਂਦੇ ਗਏ। ਮੇਰੇ ਵਰਗੇ ਜਿਹੜੇ ਸਾਬਣ ਦਾ ਇਸ਼ਤਿਹਾਰਬਾਜ਼ੀ ਟੀ ਵੀ ਤੇ ਵੇਖਦੇ ਓਹੀ ਲਾਲੇ ਨੂੰ ਦੱਸ ਦਿੰਦੇ। ਹੋਲ ਸੇਲ ਵਾਲਿਆਂ ਤੋਂ ਖ਼ਰੀਦਣ ਤੋਂ ਪਹਿਲਾਂ ਲਾਲਾ ਦੁਬਾਰਾ ਪੁੱਛਦਾ ਕਿ ਤੁਸੀਂ ਖ਼ਰੀਦੋਗੇ ਨਾ ? ਮੈਂ ਤੁਹਾਡੇ ਲਈ ਲਿਆਉਣਾ ਹੈ। ਫਿਰ ਹੌਲੀ ਹੌਲੀ ਲਾਲੇ ਦੀ ਪਿੰਡ ਵਾਲੀ ਦੁਕਾਨ ਸ਼ਹਿਰੀ ਦੁਕਾਨ ਬਣ ਗਈ। ਲਾਲੇ ਦਾ ਬੇਟਾ ਪ੍ਰੇਮ ਸਾਡਾ ਆੜੀ ਬਣ ਗਿਆ, ਮੈਂ ਸਾਬਣ ਲੈਣ ਤੋਂ ਪਹਿਲਾਂ ਸੁੰਘਦਾ ਫੇਰ ਖ਼ਰੀਦਦਾ। ਲਾਲੇ ਨੇ Lifeboy ਸਾਬਣ ਇਕ ਵਾਰ ਇਹ ਕਹਿ ਕੇ ਵੇਚ ਦਿੱਤਾ ਕਿ ਬਹੁਤ ਵਧੀਆ ਹੈ ਪਰ ਉਸਦੀ ਖ਼ੁਸ਼ਬੂ ਨੱਕ ਨੂੰ ਪਸੰਦ ਨਾ ਆਈ। ਮੈਨੂੰ ਨਹੀਂ ਪਤਾ ਕਿ ਖ਼ੁਸ਼ਬੂ ਨੂੰ ਪ੍ਰਗਟ ਕਰਨ ਲਈ ਜਾਂ ਦੱਸਣ ਲਈ ਕਿਹੜੇ ਸ਼ਬਦ ਵਰਤੇ ਜਾਂਦੇ ਨੇ ਪਰ ਮੇਰੇ ਨੱਕ ਦੇ ਗਲੈਂਡਜ਼ ਅੱਜ ਵੀ ਸਾਰੀਆਂ ਖ਼ੁਸ਼ਬੂਆਂ ਨੂੰ ਸੰਭਾਲੀ ਬੈਠੇ ਹਨ ਅਤੇ ਮੈਂ ਜਦ ਵੀ ਯਾਦ ਕਰਦਾ ਹਾਂ ਜਾਂ ਤਸਵੀਰ ਵੇਖਦਾ ਹਾਂ ਤਾਂ ਮੇਰੇ ਪਿੰਡੇ ਵਿੱਚੋਂ ਉਸੇ ਸਾਬਣ ਦੀ ਮਹਿਕ ਆਉਣ ਲੱਗਦੀ ਹੈ।

(ਜਸਵਿੰਦਰ ਸਿੱਧੂ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)




# ਜਲਦੀ ਸੌਂ ਸਵੱਖਤੇ ਜਾਗ, ਪੈਣਗੀਆਂ ਪੂਰੀਆਂ ਜਾਗਣਗੇ ਭਾਗ

ਧਨੀ ਰਾਮ ਚਾਤ੍ਰਿਕ ਨੇ ਪਹੁ-ਫੁਟਾਲੇ ਦੇ ਸਮੇਂ ਨੂੰ ਭਾਵਨਾਵਾਂ ਦੇ ਮੇਚ ਦਾ ਕਰ ਕੇ ਕਾਵਿ ਵਿੱਚ ਪਰੋਸਿਆ ਹੈ। ਇਸ ਬੰਦ ਵਿੱਚ ਸਵੇਰ ਦੇ ਸਮੇਂ ਦੀ ਤਸਵੀਰ ਉਸ ਵੇਲ਼ੇ ਦੇ ਮਘਦੇ ਪੰਜਾਬੀ ਜੀਵਨ ਦੀ ਝਲਕ ਮਿਲਦੀ ਹੈ। ਸੂਰਜ ਦੀਆਂ ਕਿਰਨਾਂ ਉਦੈ ਹੋਣ ਨਾਲ਼ ਹੀ ਆਲ਼ਸ, ਸੁਸਤੀ ਨੂੰ ਉਪਰ ਲਏ ਕੱਪੜੇ ਵਾਂਗ ਲਾਹ ਕੇ ਤਹਿ ਮਾਰਦੇ ਅਸੀਂ ਸੂਰਜ ਦੀ ਡਾਹ ਲੈਣ ਨੂੰ ਤਿਆਰ ਬਰਤਿਆਰ ਹੋ ਜਾਂਦੇ ਹਾਂ। ਇਸ ਕਵੀ ਦੀ ਹੋਰ ਸਤਰ ਹੈ - ਚਿੜੀ ਚੂਕਦੀ ਨਾਲ਼ ਜਾਂ ਤੁਰੇ ਪਾਂਧੀ, ਪਈਆਂ ਦੁੱਧਾਂ ਵਿੱਚ ਮਧਾਣੀਆਂ ਜੀ, ਕੁਦਰਤ ਦੀ ਗੋਦ ਵਿੱਚ ਪਲ਼ਦੇ ਮਨੁੱਖ ਦੀ ਗਾਥਾ ਹੈ। ਕਹਿੰਦੇ ਹਨ ਜਿੰਨਾਂ ਕੋਈ ਜ਼ਿੰਦਗੀ ਵਿੱਚ ਸਫਲ ਹੁੰਦਾ ਹੈ, ਉਸ ਦਾ ਹਰ ਦਿਨ ਹੀ ਹੋਰਨਾਂ ਤੋਂ ਪਹਿਲਾਂ ਸ਼ੁਰੂ ਹੋ ਜਾਂਦਾ ਹੈ। ਅੰਮ੍ਰਿਤਾ ਪ੍ਰੀਤਮ ਨੇ ਕਿਤੇ ਲਿਖਿਆ ਸੀ ਕਿ ਮੈਂ ਆਪਣਾ ਦਿਨ ਸਵੇਰੇ ਪੰਜ ਵਜੇ ਤੋਂ ਸ਼ੁਰੂ ਕਰਦੀ ਹਾਂ ਜਦੋਂ ਕਿ ਲੇਟ ਉੱਠਣ ਵਾਲ਼ੇ ਆਪਣਾ ਦਿਨ ਅੱਠ ਵਜੇ ਅਰੰਭਦੇ ਹੋਣੇ। ਉਨ੍ਹਾਂ ਤੋਂ ਮੈਂ ਤਿੰਨ ਘੰਟੇ ਨਿੱਤ ਹੀ ਅੱਗੇ ਵਧ ਜਾਂਦੀ ਹਾਂ। ਜੇ ਮੇਰੀ ਜ਼ਿੰਦਗੀ ਦੇ ਇਹ ਨਿੱਤ ਦੇ ਤਿੰਨ ਘੰਟੇ ਗਿਣ ਲਏ ਜਾਣ, ਉਤਨਾ ਹੀ ਮੈਂ ਜ਼ਿੰਦਗੀ ਵਿੱਚ ਅੱਗੇ ਨਿਕਲ ਆਈ ਹਾਂ। ਸਪਸ਼ਟ ਹੈ ਕਿ ਅੰਮ੍ਰਿਤ ਵੇਲ਼ੇ ਜਾਗਣ ਵਾਲ਼ੇ ਹੀ ਹੋਰਨਾਂ ਨੂੰ ਪਛਾੜਦੇ ਹਨ। ਗੁਰਬਾਣੀ ਵਿੱਚ ਇਸ ਨੂੰ ਪਿਛਲਾ ਪਹਿਰ ਆਖ ਕੇ ਸਵੇਰ ਦੇ ਤਿੰਨ ਵਜੇ ਤੋਂ ਛੇ ਵਜੇ ਤੱਕ ਦਾ ਸਮਾਂ ਨਾਮ ਜਪਣ ਜਾਂ ਭਗਤੀ ਕਰਨ ਦਾ ਮਿਥਿਆ ਹੈ। ਇਸ ਸਮੇਂ ਹੋਰ ਆਵਾਜ਼ਾਂ ਸ਼ਾਂਤ ਹੋਣ ਕਾਰਨ ਇਨਸਾਨ ਇੱਕ ਸੁਰ ਹੋ ਕੇ ਮਨ ਨੂੰ ਇਕਾਗਰ ਕਰਦਾ ਹੈ। ਜਦੋਂ ਅਸੀਂ ਛੋਟੇ ਸੀ ਤਾਂ ਵਿਆਹ ਸਮੇਂ ਲੜਕੀ ਨੂੰ ਸਿੱਖਿਆ ਦੇਣ ਦਾ ਰਿਵਾਜ ਸੀ। ਹੌਲ਼ੀ-ਹੌਲ਼ੀ ਜਦੋਂ ਹੋਰਨਾਂ ਤੋਂ ਸਿੱਖਿਆ ਲੈਣ ਦੀ ਪਿਰਤ ਪਈ ਤਾਂ ਇਹ ਰਿਵਾਜ ਵੀ ਖ਼ਤਮ ਹੋ ਗਿਆ। ਮੇਰੇ ਵਿਆਹ ਮੌਕੇ ਮੇਰੀ ਵੱਖੀ ਸੰਗ ਬੈਠੀ ਸਾਡੀ ਨਾਇਣ ਨੇ ਇੱਕ ਸੀਖਤ ਪਰੋਸੀ ਸੀ ਕਿ 'ਕਾਕਾ ਜੀ (ਮੇਰੇ ਪਤੀ ਹਰਬੰਸ ਸਿੰਘ ਬਰਾੜ) ਦੇ ਉੱਠਣ ਤੋਂ ਪਹਿਲਾਂ ਜ਼ਰੂਰ ਜਾਗ ਪਿਆ ਕਰਨਾ। ਮੈਂ ਉਸ ਦੀ ਇਸ ਸਿੱਖਿਆ ਨੂੰ ਹੁਣ ਤੱਕ ਨਿਭਾ ਰਹੀ ਹਾਂ।

ਪਰਿਵਾਰ ਦੇ ਸਾਰੇ ਜੀਆਂ ਦੇ ਉੱਠਣ ਤੋਂ ਪਹਿਲਾਂ ਘਰ ਦੇ ਸੌ ਕੰਮ ਨਿਬੇੜਕੇ ਵੀ ਆਪਣੇ ਆਪ ਦਾ ਸਾਥ ਮਾਨਣ ਦੇ ਇਹ ਪਲ ਭਾਗਾਂ ਨਾਲ਼ ਹੀ ਨਸੀਬ ਹੁੰਦੇ ਹਨ। ਸਵੇਰੇ ਅਸਮਾਨ 'ਤੇ ਚੜ੍ਹਦੇ ਸੂਰਜ ਦੀ ਬਿਖਰ ਰਹੀ ਸੰਧੂਰੀ ਰੌਸ਼ਨੀ ਮਨ ਦੇ ਅੰਬਰ ਨੂੰ ਵੀ ਰੁਸ਼ਨਾ ਰਹੀ ਲਗਦੀ ਹੈ। 'ਬਲਿਹਾਰੀ ਕੁਦਰਤ ਵਸਿਆ' ਜਿਹੀਆਂ ਸਤਰਾਂ ਚੇਤਿਆਂ 'ਤੇ ਤੈਰਨ ਲਗਦੀਆਂ ਹਨ। ਸੂਰਜ ਆਖੇ ਉੱਠਣ ਵਾਲ਼ੇ ਹਰ ਸ਼ਖ਼ਸ਼ ਦਾ ਦਿਨ ਚੌਵੀ ਦੀ ਥਾਂ ਸਤਾਈ ਘੰਟੇ ਦਾ ਹੋ ਜਾਂਦਾ ਹੈ। ਕਲਾਕਾਰਾਂ ਜਾਂ ਲੇਖਕਾਂ ਲਈ ਇਹ ਸਮਾਂ ਵੱਤਰ ਦਾ ਸਮਾਂ ਹੁੰਦਾ ਹੈ। ਅੱਖਰਾਂ ਦੀਆਂ ਤੂਈਆਂ ਫੁਟਦੀਆਂ ਹਨ, ਸੋਚਾਂ ਨੂੰ ਗੋਡੀ ਆ ਜਾਂਦੀ ਹੈ। ਅੱਖਰਾਂ ਦਾ ਇਹ ਸਾਥ ਦਿਨ ਭਰ ਦੀ ਭੀੜ ਮਿਲਦਿਆਂ ਹੀ ਅਲੋਪ ਹੋ ਜਾਂਦਾ ਹੈ। ਕਿਸੇ ਵੀ ਸ਼ੌਕ ਦਾ ਸਿਰ ਪਲੋਸਣ ਦਾ ਉਹ ਵੇਲ਼ਾ ਸਵੇਰੇ ਹੀ ਹੱਥ ਲਗਦਾ ਹੈ। ਇਹ ਸਾਨੂੰ ਰੂਹ ਤੱਕ ਸਕੂਨ ਬਖ਼ਸ਼ਦਾ ਹੈ। ਸ਼ੋਰ-ਸ਼ਰਾਬੇ ਤੋਂ ਬਿਨਾ ਇਸ ਸਮੇਂ ਖਿਲਰੀਆਂ ਸੋਚਾਂ ਨੁਕਤੇ ਦੁਆਲ਼ੇ ਸਿਮਟਦੀਆਂ ਹਨ। ਰੱਬ ਦੇ ਭਗਤ ਪੂਜਾ ਪਾਠ ਕਰਦੇ ਹਨ। ਕਲਾਕਾਰਾਂ ਤੇ ਸੰਤਾਂ ਲਈ ਲਾਹਾ ਲੈਣ ਦਾ ਇਹੋ ਸਮਾਂ ਹੈ। ਦੇਹੀ ਦੇ ਅਲਾਰਮ ਨਾਲ਼ ਉੱਠਣਾ ਤੇ ਸੌਣਾ ਇੱਕ ਵੱਖਰਾ ਅਨੁਸ਼ਾਸ਼ਨ ਹੈ। ਕਈ ਤਾਂ ਅਲਾਰਮ ਵੀ ਬੰਦ ਕਰ ਕੇ ਫਿਰ ਸੌਂ ਜਾਂਦੇ ਹਨ। ਲੰਘੇ ਵਕਤ ਦਾ ਪਛਤਾਵਾ ਪਿੱਛਾ ਕਰਦਾ ਹੈ। ਕਈ ਲੋਕ ਸਵੇਰੇ ਉੱਠਣ ਦੇ ਨੁਕਤੇ ਦਸਦੇ ਹਨ। ਕੁਦਰਤੀ ਨਜ਼ਾਰੇ ਦੇਖਣ ਦਾ ਸ਼ੌਕ ਰੱਬ ਨੂੰ ਯਾਦ ਕਰਨ ਜਾਂ ਉਸ ਦੀ ਸਾਜੀ ਖ਼ੂਬਸੂਰਤੀ ਨੂੰ ਮਾਨਣ ਦੀ ਲਾਲਸਾ ਮੱਲੋ-ਮੱਲੀ ਮੰਜਾ ਛੱਡਣ ਤੇ ਚੜ੍ਹੇ ਘੋੜੇ ਸਵਾਰ ਹੋਣ ਜਿਹੀ ਚੁਸਤੀ ਭਰਦੀ ਹੈ। ਬਚਪਨ ਵਿੱਚ ਜੇ ਉੱਠਣ ਤੋਂ ਲੇਟ ਹੋ ਜਾਣਾ ਤਾਂ ਮਾਤਾ ਜੀ ਆਖਦੇ, 'ਸ਼ਰਮ ਤਾਂ ਨੀਂ ਆਉਂਦੀ, ਗੋਡੇ -ਗੋਡੇ ਦਿਨ ਚੜ੍ਹੇ ਸੁੱਤੇ ਪਏ ਹੋਂ।' ਬਸ ਉਸ ਵੇਲ਼ੇ ਦੀ ਬੀਜੀ ਸ਼ਰਮ ਸੂਰਜ ਨਾਲ਼ ਹੀ ਆ ਪਈ ਹੈ, ਜਿਵੇਂ ਲੇਟ ਉੱਠ ਕੇ ਕੋਈ ਗੁਨਾਹ ਕਰ ਲਿਆ ਹੋਵੇ। ਸੂਰਜ ਚੜ੍ਹਨ ਨਾਲ਼ ਹੀ ਮੰਜਾ ਘੂਰਨ ਲਗਦਾ ਹੈ।

ਪਹਿਲਾਂ ਲੋਕ ਪੈਦਲ ਜਾ ਕੇ ਵੀ ਸਭ ਨੂੰ ਮਿਲ ਕੇ ਸੌ ਨੱਤੀਆਂ-ਬੱਤੀਆਂ ਸਾਰਦੇ ਰਹੇ ਹਨ। ਹੁਣ ਸਾਈਕਲ, ਸਕੂਟਰ ਤੇ ਕਾਰਾਂ ਵਾਲ਼ੇ ਵੀ ਮਸਾਂ ਹੀ ਵੇਲ਼ੇ ਸਿਰ ਅਪੜਦੇ ਹਨ। ਇਹ ਸੁਸਤੀ ਨਹੀਂ ਤਾਂ ਹੋਰ ਕੀ ਹੈ ? ਅਸੀਂ ਤਾਂ ਅੰਗ੍ਰੇਜ਼ੀ ਦੀ ਇਸ ਕਹਾਵਤ ਨੂੰ ਸੱਚ ਮੰਨਦੇ ਹਾਂ ਜਿਸ ਨੇ ਪੂਰੀ ਜ਼ਿੰਦਗੀ ਨੂੰ ਪ੍ਰਭਾਵਿਤ ਕੀਤਾ ਹੈ -

# --ਮਾਂ ਦੇ ਰੂਪ 'ਚ ਹੋਂਵਦੀ--

ਔਰਤ ਨਾਲ ਜਗ ਸ਼ੋਭਦਾ,ਇਹ ਔਰਤ ਬੜੀ ਮਹਾਨ।
ਮਾਂ ਦੇ ਰੂਪ 'ਚ ਹੋਂਵਦੀ,ਲੋਕੋ ਦੂਸਰਾ ਇਹ ਭਗਵਾਨ।

ਪੀਰ ਪੈਗੰਬਰ ਜੋ ਔਲੀਏ,ਸਾਰੇ ਹੀ ਇਸ ਔਰਤ ਜਾਏ।
ਭੁੱਲੇ ਭਟਕੇ ਲੋਕਾਂ ਤਾਈਂ,ਸੱਚ ਦੇ ਜਿਨ੍ਹਾਂ ਰਾਹ ਵਿਖਾਏ।
ਚੁਕਾ ਨਹੀਂ ਸਕਦਾ ਏਸਦਾ,ਕਦੇ ਕੋਈ ਵੀ ਅਹਿਸਾਨ।
ਮਾਂ ਦੇ ਰੂਪ 'ਚ ਹੋਂਵਦੀ ................।
ਭੈਣ ਦੇ ਰੂਪ ਵਿੱਚ ਮੰਗਦੀ,ਇਹ ਦਿਨ ਵੀਰ ਦੇ ਚੰਗੇ।
ਧੀ ਦੇ ਰੂਪ ਵਿੱਚ ਮਾਪਿਆਂ ਦੀ,ਸਦਾ ਸੁੱਖ ਇਹ ਮੰਗੇ।
ਪਤਨੀ ਬਣਕੇ ਪਤੀ ਦੇ ਉੱਤੋਂ,ਵਾਰੇ ਇਹ ਜ਼ਿੰਦ-ਜਾਨ।
ਮਾਂ ਦੇ ਰੂਪ 'ਚ ਹੋਂਵਦੀ ...................।
ਪਹਿਲਾਂ ਝੱਲੇ ਰੋਬ੍ਹ ਪਿਤਾ ਦਾ,ਫੇਰ ਰੋਬ੍ਹ ਪਤੀ ਦਾ ਝੱਲਦੀ।
ਓਦੋਂ ਪੁੱਤਰ ਅੱਖਾਂ ਕੱਢਦਾ,ਏਦ੍ਹੀ ਉਮਰ ਜਦੋਂ ਹੈ ਢਲਦੀ।
ਤਿੰਨ ਪੱਪਿਆਂ ਵਿੱਚ ਪਿਸਕੇ,ਆਖਰ ਜਾਵੇ ਛੱਡ ਜਹਾਨ।
ਮਾਂ ਦੇ ਰੂਪ 'ਚ ਹੋਂਵਦੀ ...................।
ਏਹਦੇ ਨਾਲ ਹੀ ਬੰਦੇ ਦਾ,ਹੋਵੇ ਸਮਾਜ ਦੇ ਵਿੱਚ ਸਤਿਕਾਰ।
ਨਹੀਂ 'ਕੱਲੇ ਕਹਿਰੇ ਬੰਦੇ ਦਾ,ਕੋਈ ਕਰਦਾ ਨ੍ਹੀਂ ਇਤਬਾਰ।
ਔਰਤ ਬਿਨ ਘਰ ਲੱਗਦਾ,ਨਿਰਾ ਉਜਾੜ ਤੇ ਬੀਆਵਾਨ।
ਮਾਂ ਦੇ ਰੂਪ 'ਚ ਹੋਂਵਦੀ.................................।
'ਕੱਲਾ 'ਕੱਲਾ ਗੁਣ ਜੇ ਗਿਣੀਏ,ਗਿਣਦਾ ਥੱਕਜੂ ਗਿਣਤੀਕਾਰ।
ਮਮਤਾ ਦਾ ਹੈ ਗਹਿਰਾ ਸਮੁੰਦਰ,ਕੋਮਲਤਾ ਦਾ ਹੈ ਭੰਡਾਰ।
ਕਾਦਰ ਦੀ ਸੋਹਣੀ ਕ੍ਰਿਤ ਹੈ,ਇਹ ਆਦਮੀ ਲਈ ਵਰਦਾਨ।
ਮਾਂ ਦੇ ਰੂਪ 'ਚ ਹੋਂਵਦੀ.....................................।
ਔਰਤ ਮਰਦ ਸਮਾਨ ਹੈ,'ਅਮਰੀਕ'ਸਾਰੇ ਸੰਸਾਰ ਨੂੰ ਕਹੀਏ।
ਏਹਦੇ ਵੀ ਜੋ ਹੱਕ ਨੇ, 'ਤਲਵੰਡੀ' ਖੁਸ਼ ਹੋ ਕੇ ਉਹ ਦਈਏ।
ਜਿੰਨਾ ਵੀ ਹੋ ਸਕਦਾ ਹੈ,ਕਰੀਏ ਸਭ ਔਰਤਾਂ ਦਾ ਸਨਮਾਨ।
ਮਾਂ ਦੇ ਰੂਪ 'ਚ ਹੋਂਵਦੀ ........................।



**-ਅਮਰੀਕ ਸਿੰਘ ਤਲਵੰਡੀ ਕਲਾਂ-**
**ਗਿੱਲ ਨਗਰ,ਗਲੀ ਨੰ-13.**
**ਮੁੱਲਾਂਪੁਰ ਦਾਖਾ (ਲੁਧਿਆਣਾ)9463542896.**

# ਮੈਂ ਔਰਤ ਹਾਂ

ਮੈਂ ਔਰਤ ਹਾਂ ਅਤੇ
ਔਰਤ ਹੀ ਰਹਾਂਗੀ
ਪਰ ਮੈਂ ਤੇਰੇ ਪਿੱਛੇ ਨਹੀਂ
ਕਦਮਾਂ ਦੇ ਬਰਾਬਰ
ਕਦਮ ਧਰਾਂਗੀ।

ਮੈਂ ਸੀਤਾ ਨਹੀਂ-
ਜੋ ਆਪਣੇ ਸਤ ਲਈ
ਤੈਨੂੰ ਅਗਨ ਪ੍ਰੀਖਿਆ ਦਿਆਂਗੀ।

ਮੈਂ ਦਰੋਪਤੀ ਵੀ ਨਹੀਂ-
ਜੋ ਇਕ ਵਸਤੂ ਦੀ ਤਰ੍ਹਾਂ
ਤੇਰੇ ਹੱਥੋਂ, ਜੂਏ 'ਚ ਜਾ ਹਰਾਂਗੀ।

ਮੈਂ ਸੱਸੀ ਵੀ ਨਹੀਂ-
ਜੋ ਤੇਰੀ ਡਾਚੀ ਦੀ
ਪੈੜ ਭਾਲਦੀ ਭਾਲਦੀ
ਰੇਗਿਸਤਾਨ ਦੀ ਤਪਦੀ
ਰੇਤ 'ਚ ਸੜ ਮਰਾਂਗੀ।
ਮੈਂ ਸੋਹਣੀ ਵੀ ਨਹੀਂ-
ਜੋ ਕੱਚਿਆਂ ਤੇ ਤਰਦੀ ਤਰਦੀ
ਝਨਾਂ ਦੇ ਡੂੰਘੇ ਪਾਣੀਆਂ 'ਚ
ਜਾ ਖਰਾਂਗੀ।

ਮੈਂ ਅਬਲਾ ਨਹੀਂ
ਸਬਲਾ ਬਣਾਂਗੀ।

ਮੈਂ ਤਾਂ ਮਾਈ ਭਾਗੋ ਬਣ-
ਭਟਕੇ ਹੋਏ ਵੀਰਾਂ ਨੂੰ ਰਾਹੇ ਪਾਉਣਾ ਹੈ
ਮੈਂ ਤਾਂ ਮਲਾਲਾ ਬਣ-
ਔਰਤ ਦੇ ਹੱਕ 'ਚ ਖਲੋਣਾ ਹੈ
ਮੈਂ ਤਾਂ ਸ਼ਬਦਾਂ ਦੇ ਦੀਪ ਜਗਾ-
ਹਨ੍ਹੇਰੇ ਰਾਹਾਂ ਨੂੰ ਰੁਸ਼ਨਾਉਣਾ ਹੈ
ਮੈਂ ਤਾਂ ਗੋਬਿੰਦ ਦੀ ਸ਼ਮਸ਼ੀਰ ਬਣ-
ਜ਼ਾਲਿਮ ਨੂੰ ਸਬਕ ਸਿਖਾਉਣਾ ਹੈ
ਮੈਂ ਤਾਂ ਕਲਪਨਾ ਚਾਵਲਾ ਬਣ-
ਧਰਤੀ ਹੀ ਨਹੀਂ, ਅੰਬਰ ਵੀ ਗਾਹੁਣਾ ਹੈ।

ਮੈਂ ਅਜੇ ਕਈ ਸਾਗਰ ਤਰਨੇ ਨੇ
ਮੈਂ ਅਜੇ ਪਰਬਤ ਸਰ ਕਰਨੇ ਨੇ
ਬਹੁਤ ਕੁੱਝ ਹੈ ਅਜੇ
ਮੇਰੇ ਕਰਨ ਲਈ
'ਦੀਸ਼' ਕੋਲ ਵਿਹਲ ਨਹੀਂ
ਅਜੇ ਮਰਨ ਲਈ।

ਮੈਂ ਔਰਤ ਹਾਂ ਅਤੇ
ਔਰਤ ਹੀ ਰਹਾਂਗੀ
ਪਰ ਮੈਂ ਤੇਰੇ ਪਿੱਛੇ ਨਹੀਂ
ਕਦਮਾਂ ਦੇ ਬਰਾਬਰ
ਕਦਮ ਧਰਾਂਗੀ।



**ਗੁਰਦੀਸ਼ ਕੌਰ ਗਰੇਵਾਲ- ਕੈਲਗਰੀ-ਕੈਨੇਡਾ**
**ਸੰਪਰਕ:** +1 403 404 1450

# ਚਾਹ ਦੀਆਂ ਚੁਸਕੀਆਂ

ਪਰਮਜੀਤ ਢੀਂਗਰਾ



ਭਾਰਤ ਵਿਚ ਘਰ ਆਏ ਗਏ ਹਰ ਮਹਿਮਾਨ ਨੂੰ ਚਾਹ ਪਾਣੀ ਪੁੱਛਣਾ ਸ਼ਿਸ਼ਟਾਚਾਰ ਦਾ ਅੰਗ ਹੈ। ਹਰ ਸ਼ਹਿਰ, ਪਿੰਡ, ਨਗਰ ਦੇ ਕਿਸੇ ਨਾ ਕਿਸੇ ਮੋੜ 'ਤੇ ਚਾਹ ਦਾ ਖੋਖਾ ਜ਼ਰੂਰ ਮਿਲ ਜਾਂਦਾ ਹੈ। ਬਹੁਤੇ ਲੋਕਾਂ ਦੀ ਸਵੇਰ ਦੀ ਸ਼ੁਰੂਆਤ ਹੀ ਚਾਹ ਤੋਂ ਹੁੰਦੀ ਹੈ। ਅੱਜ ਚਾਹ ਦੀਆਂ ਕਿਸਮਾਂ ਤੇ ਇਸ ਨੂੰ ਬਣਾਉਣ ਦੇ ਤੌਰ ਤਰੀਕਿਆਂ ਦਾ ਵੱਡਾ ਬਾਜ਼ਾਰ ਮੌਜੂਦ ਹੈ।

ਚਾਹ ਦੀ ਦੁਨੀਆ ਦੇ ਕਿੱਸੇ ਬੜੇ ਮਸ਼ਹੂਰ ਹਨ। 1662 ਵਿਚ ਬ੍ਰਿਟੇਨ ਦੇ ਰਾਜਕੁਮਾਰ ਚਾਰਲਸ ਦੂਜੇ ਦਾ ਵਿਆਹ ਪੁਰਤਗਾਲ ਦੀ ਰਾਜਕੁਮਾਰੀ ਕੈਥਰੀਨ ਬ੍ਰਿਗੇਂਜਾ ਨਾਲ ਬੜੇ ਸ਼ਾਹੀ ਠਾਠ ਬਾਠ ਨਾਲ ਹੋਇਆ। ਕੈਥਰੀਨ ਤੋਹਫ਼ਿਆਂ ਵਜੋਂ ਆਪਣੇ ਨਾਲ ਬੜੀਆਂ ਅਨੋਖੀਆਂ ਚੀਜ਼ਾਂ ਲੈ ਕੇ ਬਰਤਾਨਵੀ ਰਾਜ ਘਰਾਣੇ ਵਿਚ ਪਹੁੰਚੀ। ਇਹ ਤੋਹਫ਼ੇ ਸਨ- ਬੌਂਬੇ ਅਤੇ ਚਾਹ ਦੀਆਂ ਪੱਤੀਆਂ। ਉਦੋਂ ਤੱਕ ਬਰਤਾਨਵੀਆਂ ਨੂੰ ਹਿੰਦੋਸਤਾਨ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ। ਪੁਰਤਗਾਲੀ ਤੇ ਡੱਚ ਇੱਥੇ ਬਸਤੀਆਂ ਬਣਾ ਚੁੱਕੇ ਸਨ। ਉਹ ਚਾਹ ਦੀਆਂ ਚੁਸਕੀਆਂ ਲੈ ਚੁੱਕੇ ਸਨ। ਬੌਂਬੇ 'ਤੇ ਰਾਜ ਦੇ ਨਾਲ ਨਾਲ ਰਾਜਕੁਮਾਰੀ ਕੈਥਰੀਨ ਚਾਹ ਦੇ ਕੁਝ ਡੱਬੇ ਵੀ ਲਿਆਈ।

ਹੈਰਾਨੀ ਇਸ ਗੱਲ ਦੀ ਹੈ ਕਿ ਚਾਰਲਸ ਤੇ ਉਹਦੇ ਦਰਬਾਰੀਆਂ ਨੂੰ ਇਹ ਪਤਾ ਨਹੀਂ ਸੀ ਰਾਜਕੁਮਾਰੀ ਤੋਹਫ਼ਿਆਂ ਵਜੋਂ ਕੀ ਲੈ ਕੇ ਆਈ ਹੈ। ਬੌਂਬੇ ਨੂੰ ਇਸਤੇਮਾਲ ਨਹੀਂ ਸੀ ਕੀਤਾ ਜਾ ਸਕਦਾ ਕਿਉਂਕਿ ਬਰਤਾਨੀਆ ਕੋਲ ਪੁਰਤਗਾਲੀਆਂ ਵਰਗੀ ਸਮੁੰਦਰੀ ਫ਼ੌਜ ਨਹੀਂ ਸੀ ਤੇ ਨਾ ਹੀ ਇਹ ਪਤਾ ਸੀ ਕਿ ਚਾਹ ਕੀ ਸ਼ੈਅ ਹੈ। ਰਾਜਕੁਮਾਰੀ ਕੈਥਰੀਨ ਨੇ ਮਹਿਲ ਦੇ ਖਾਨਸਾਮਿਆਂ ਨੂੰ ਚਾਹ ਬਣਾ ਕੇ ਸਭ ਨੂੰ ਪਿਆਉਣ ਲਈ ਕਿਹਾ ਤਾਂ ਕੌਫੀ ਤੇ ਵਾਈਨ ਦੇ ਸ਼ੌਕੀਨ ਅੰਗਰੇਜ਼ਾਂ ਨੇ ਨੱਕ ਬੁੱਲ੍ਹ ਵੱਟੇ। ਕਿਹਾ ਜਾਂਦਾ ਹੈ ਕਿ ਰਾਜਕੁਮਾਰੀ ਨੇ ਪੂਰੇ ਦਰਬਾਰ ਨੂੰ ਖ਼ੁਦ ਚਾਹ ਬਣਾ ਕੇ ਪਿਆਈ ਤੇ ਫਿਰ ਪੈਲੇਸ ਦੇ ਮੂੰਹ ਨੂੰ ਚਾਹ ਅਜਿਹੀ ਲੱਗੀ ਕਿ ਅੱਜ ਤੱਕ ਇਹਦੀਆਂ ਚੁਸਕੀਆਂ ਇਤਿਹਾਸ ਵਿਚ ਦਰਜ ਹਨ।

ਲੰਡਨ ਵਿਚ ਰਾਜਕੁਮਾਰੀ ਕੈਥਰੀਨ ਦੇ ਆਉਣ ਤੱਕ ਈਸਟ ਇੰਡੀਆ ਕੰਪਨੀ ਨੂੰ ਕੰਮ ਕਰਦਿਆਂ ਛੇ ਦਹਾਕੇ ਬੀਤ ਚੁੱਕੇ ਸਨ। ਚਾਰਲਸ ਦੀ ਬਾਦਸ਼ਾਹੀ ਅਧੀਨ ਕੰਪਨੀ ਨੂੰ ਕਾਰੋਬਾਰ ਕਰਨ ਦਾ ਪੂਰਨ ਏਕਾਧਿਕਾਰ ਦੇ ਦਿੱਤਾ ਗਿਆ।

ਕੈਥਰੀਨ ਦੀ ਚਾਹ ਦੇ ਸਵਾਦ ਦਾ ਜਾਦੂ ਸਿਰ ਚੜ੍ਹ ਕਰ ਬੋਲਣ ਲੱਗਾ। ਈਸਟ ਇੰਡੀਆ ਕੰਪਨੀ ਨੇ 1670 ਵਿਚ ਪਹਿਲੀ ਵਾਰ ਜਾਵਾ ਦੀ ਪੱਤੀਆਂ ਵਾਲੀ ਚਾਹ ਆਯਾਤ ਕੀਤੀ। ਈਸਟ ਇੰਡੀਆ ਕੰਪਨੀ ਦੇ ਚਾਹ ਦੇ ਕਾਰੋਬਾਰ ਵਿਚ ਆਉਣ ਤੋਂ ਪਹਿਲਾਂ ਚਾਹ ਦੀ ਕਹਾਣੀ ਵਿਚ ਸਮੁੰਦਰੀ ਲੁਟੇਰਿਆਂ ਦਾ ਪ੍ਰਵੇਸ਼ ਹੋ ਚੁੱਕਾ ਸੀ। ਰਾਜਕੁਮਾਰੀ ਦੇ ਇਸ ਨਾਯਾਬ ਤੋਹਫ਼ੇ 'ਤੇ ਅੰਗਰੇਜ਼ ਅਜਿਹੇ ਦੀਵਾਨੇ ਹੋਏ ਕਿ ਉਨ੍ਹਾਂ ਨੇ ਹਿੰਦੋਸਤਾਨ ਵਿਚ ਚਾਹ ਉਗਾਉਣ ਦੀਆਂ ਤਿਆਰੀਆਂ ਖਿੱਚ ਲਈਆਂ।



ਸਕਾਟਿਸ਼ ਜਹਾਜ਼ਰਾਨ ਰਾਬਰਟ ਫਾਰਚੂਨ ਚੀਨ ਤੋਂ ਇੰਗਲੈਂਡ ਆ ਰਿਹਾ ਸੀ। ਰਸਤੇ ਵਿਚ ਸਮੁੰਦਰੀ ਡਾਕੂਆਂ ਨੇ ਲੁੱਟਣ ਦੀ ਮਨਸ਼ਾ ਨਾਲ ਉਹਨੂੰ ਘੇਰ ਲਿਆ। ਡਾਕੂਆਂ ਨਾਲ ਉਹਦੀ ਗਹਿਗੱਚ ਲੜਾਈ ਹੋਈ। ਉਹਦੇ ਜਹਾਜ਼ ਦੇ ਚੀਨੀ ਗਾਰਡ ਢਿੱਲੇ ਪੈ ਗਏ, ਪਰ ਰਾਬਰਟ ਡਟਿਆ ਰਿਹਾ। ਫਾਰਚੂਨ ਪੌਦਾ ਵਿਗਿਆਨੀ ਵੀ ਸੀ। ਉਹ ਰਾਇਲ ਹਾਰਟੀਕਲਚਰਲ ਸੁਸਾਇਟੀ ਦੇ ਚਿਸਵਿਕ ਵਾਲੇ ਵੱਡੇ ਬਾਗ ਦਾ ਮੁਖੀ ਵੀ ਸੀ। ਉਹ ਚੀਨ ਤੋਂ ਚਾਹ ਦੇ ਪੌਦੇ ਲੈ ਕੇ ਆ ਰਿਹਾ ਸੀ ਜਿਹੜੇ ਉਹਨੇ ਬੜੀ ਖੋਜ-ਬੀਨ ਤੋਂ ਬਾਅਦ ਚੁਣੇ ਸਨ। ਜਾਨ 'ਤੇ ਖੇਡ ਕੇ ਵੀ ਫਾਰਚੂਨ ਸਮੁੰਦਰੀ ਡਾਕੂਆਂ ਕੋਲੋਂ ਚਾਹ ਦੇ ਪੌਦੇ ਬਚਾ ਕੇ ਲੈ ਆਇਆ।

19ਵੀਂ ਸਦੀ ਵਿਚ ਚਾਹ ਦੀ ਇਕ ਕਿਸਮ ਕੈਮੇਲਿਆ ਸਿਨੇਸਿਸ ਨੇ ਪੂਰਬੀ ਏਸ਼ੀਆ ਦੇ ਪੂਰੇ ਵਾਤਾਵਰਣ ਦਾ ਨਾਸ ਮਾਰ ਦਿੱਤਾ। ਕਾਲ ਪੈ ਗਏ ਤੇ ਲਗਪਗ 4 ਕਰੋੜ ਲੋਕ ਮਾਰੇ ਗਏ। ਕਿਹਾ ਜਾਂਦਾ ਹੈ ਕਿ ਚਾਹ ਨੇ ਇਕ ਪੂਰੀ ਪੀੜ੍ਹੀ ਨੂੰ ਗ਼ਰੀਬੀ ਦੀ ਦਲਦਲ ਵਿਚ ਧੱਕ ਦਿੱਤਾ। ਸਿਨੇਸਿਸ ਤੋਂ ਇਲਾਵਾ ਚਾਹ ਦੀ ਇਕ ਵੱਡੀ ਪੱਤੀ ਵਾਲੀ ਕਿਸਮ ਵੀ ਸੀ। ਰਾਬਰਟ ਫਾਰਚੂਨ ਇਨ੍ਹਾਂ ਕਿਸਮਾਂ ਦੇ ਮਿਸ਼ਰਤ ਰੂਪ ਲੈ ਕੇ ਆਇਆ ਸੀ। ਇਹ ਚਾਹ ਦੀਆਂ ਉੱਤਮ ਕਿਸਮਾਂ ਸਨ ਜੋ ਬਾਅਦ ਵਿਚ ਹਿੰਦੋਸਤਾਨ ਵਿਚ ਬੀਜੀਆਂ ਗਈਆਂ। ਹਿੰਦੋਸਤਾਨ ਵਿਚ ਚਾਹ ਦੇ ਬਾਗਾਂ ਦੀ ਸ਼ੁਰੂਆਤ 1834 ਦੇ ਨੇੜੇ ਤੇੜੇ ਹੋਈ। ਰਾਜਕੁਮਾਰੀ ਕੈਥਰੀਨ ਵੱਲੋਂ ਲੰਡਨ ਵਿਚ ਚਾਹ ਲਿਜਾਣ ਤੋਂ ਤਕਰੀਬਨ ਸੱਠਾਂ ਵਰ੍ਹਿਆਂ ਵਿਚ ਓਥੇ ਚਾਹ ਦਾ ਕਾਰੋਬਾਰ ਏਨਾ ਵੱਡਾ ਬਣ ਗਿਆ ਕਿ ਬਰਤਾਨਵੀ ਸਰਕਾਰ ਨੇ ਇਸ 'ਤੇ 200 ਫ਼ੀਸਦੀ ਟੈਕਸ ਲਾ ਦਿੱਤਾ ਤਾਂ ਚਾਹ ਦੀ ਤਸਕਰੀ ਹੋਣ ਲੱਗੀ। ਉਦੋਂ ਤੱਕ ਈਸਟ ਇੰਡੀਆ ਕੰਪਨੀ ਨੇ ਚਾਹ ਨੂੰ ਅਮਰੀਕਾ ਵਿਚ ਵੀ ਪਹੁੰਚਾ ਦਿੱਤਾ।

ਚਾਹ ਨੇ ਉੱਥੇ ਪਹੁੰਚ ਕੇ ਇਨਕਲਾਬ ਦੀ ਭੂਮਿਕਾ ਤਿਆਰ ਕਰ ਦਿੱਤੀ। ਅੰਗਰੇਜ਼ੀ ਹਕੂਮਤ ਦੀ ਤਾਨਾਸ਼ਾਹੀ ਖਿਲਾਫ਼ 16 ਦਸੰਬਰ 1773 ਨੂੰ ਅਮਰੀਕੀ ਇਨਕਲਾਬੀਆਂ ਦੇ ਇਕ ਜਥੇ ਨੇ ਬੋਸਟਨ ਦੀ ਬੰਦਰਗਾਹ ਵਿਚ ਜਬਰੀ ਵੜ ਕੇ ਚਾਹ ਦੀਆਂ ਪੇਟੀਆਂ ਸਮੁੰਦਰ ਵਿਚ ਸੁੱਟ ਦਿੱਤੀਆਂ। ਬ੍ਰਿਟੇਨ ਦੀ ਸੰਸਦ ਦੇ 'ਟੀ ਐਕਟ' ਦੇ ਵਿਰੋਧ ਵਿਚ ਅਮਰੀਕੀਆਂ ਨੇ ਉਸ ਚਾਹ ਨੂੰ ਖਾਰੇ ਪਾਣੀ ਵਿਚ ਮਿਲਾ ਦਿੱਤਾ। ਉਸ ਦਿਨ ਕੁੱਲ 342 ਪੇਟੀਆਂ ਚਾਹ ਸਮੁੰਦਰ ਵਿਚ ਸੁੱਟੀ ਗਈ। ਇਹ ਘਟਨਾ ਇਤਿਹਾਸ ਵਿਚ ਬੋਸਟਨ ਟੀ ਪਾਰਟੀ ਦੇ ਨਾਂ ਨਾਲ ਦਰਜ ਹੈ। ਚਾਹ ਦੇ ਨਾਂ 'ਤੇ ਹੋਏ ਇਸ ਇਨਕਲਾਬ ਨੇ ਅੰਗਰੇਜ਼ੀ ਹਕੂਮਤ ਦੀਆਂ ਚੂਲਾਂ ਹਿਲਾ ਦਿੱਤੀਆਂ ਤੇ ਸਿਰਫ਼ ਤਿੰਨ ਵਰ੍ਹਿਆਂ ਦੇ ਅੰਦਰ ਅੰਦਰ ਚਾਰ ਜੁਲਾਈ 1776 ਨੂੰ ਅਮਰੀਕਾ ਆਜ਼ਾਦ ਹੋ ਗਿਆ।

ਇਹ ਇਤਿਹਾਸਕ ਸੱਚਾਈ ਹੈ ਕਿ ਚਾਹ ਚੀਨ ਦੀ ਦੇਣ ਹੈ। ਚੀਨ ਵਿਚ ਖੇਤੀ ਦੇ ਸਬੂਤ ਲਗਪਗ ਦੋ ਹਜ਼ਾਰ ਵਰ੍ਹੇ ਪੁਰਾਣੇ ਹਨ। ਚਾਹ ਵੀ ਉਸੇ ਦੌਰ ਵਿਚ ਉਗਾਈ ਗਈ। ਕਿਹਾ ਜਾਂਦਾ ਹੈ ਕਿ ਪਹਿਲਾਂ ਇਹਦੀਆਂ ਪੱਤੀਆਂ ਸਬਜ਼ੀ ਵਜੋਂ ਖਾਧੀਆਂ ਜਾਂਦੀਆਂ ਸਨ। ਫਿਰ ਇਨ੍ਹਾਂ ਨੂੰ ਚੌਲਾਂ ਨਾਲ ਉਬਾਲ ਕੇ ਇਹਦਾ ਕੇਕ ਬਣਾਇਆ ਗਿਆ। ਚਾਹ ਨੂੰ ਉਬਾਲਣ ਦੇ ਸਬੂਤ 220 ਈਸਵੀ ਦੇ ਮਿਲਦੇ ਹਨ। ਪੰਜਵੀਂ ਸਦੀ ਵਿਚ ਚੀਨੀ ਯਾਤਰੀ ਆਈਚਿੰਗ ਜਾਂ ਯੀ ਜਿੰਗ ਭਾਰਤ ਆਇਆ। ਉਹਨੇ ਚਾਹ ਨੂੰ ਉਬਾਲੇ ਜਾਣ ਦਾ ਜ਼ਿਕਰ ਕੀਤਾ ਹੈ। ਸੱਤਵੀਂ ਸਦੀ ਵਿਚ ਚੀਨ ਵਿਚ ਲਿਖੀ ਇਕ ਕਿਤਾਬ ਮਿਲਦੀ ਹੈ ਜਿਸਦਾ ਨਾਂ ਸੀ- 'ਕਲਾਸਿਕ ਆਫ ਟੀ'। ਇਹਦਾ ਲੇਖਕ ਲੀ ਯੂ ਸੀ। ਇਹ ਕਿਤਾਬ ਚਾਹ ਦਾ ਸਭ ਤੋਂ ਪੁਰਾਣਾ ਸਾਹਿਤਕ ਸਬੂਤ ਹੈ। ਪੁਰਤਗਾਲੀ ਤੇ ਬਰਤਾਨਵੀ ਪ੍ਰਭਾਵ ਕਰਕੇ ਪੀਣ ਯੋਗ ਪਦਾਰਥ ਵਜੋਂ ਚਰਚਿਤ ਹੋਣ ਤੋਂ ਪਹਿਲਾਂ ਚਾਹ ਨੂੰ ਦਵਾਈ ਦੇ ਤੌਰ 'ਤੇ ਵਰਤਣ ਦੇ ਹਵਾਲੇ ਵੀ ਮਿਲਦੇ ਹਨ। ਅੱਜਕੱਲ੍ਹ ਚਾਹ ਦੀਆਂ ਅਨੇਕਾਂ ਕਿਸਮਾਂ ਮਿਲਦੀਆਂ ਹਨ।

ਸੰਪਰਕ: 94173-58120

# ਬੇਲੀਜ਼ ਦੇ ਰਿਜ਼ੋਰਟ 'ਚੋਂ ਤਿੰਨ ਅਮਰੀਕੀ ਔਰਤਾਂ ਦੀਆਂ ਲਾਸ਼ਾਂ ਮਿਲੀਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ )ਮੱਧ ਅਮਰੀਕੀ ਦੇਸ਼ ਬੇਲੀਜ ਵਿੱਚ ਸਥਿਤ ਇੱਕ ਹੋਟਲ ਦੇ ਕਮਰੇ ਵਿੱਚੋਂ ਤਿੰਨ ਅਮਰੀਕੀ ਔਰਤਾਂ ਦੀਆਂ ਲਾਸ਼ਾਂ ਮਿਲੀਆਂ ਹਨ ਪੁਲਿਸ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨਾ ਮਹਿਲਾਵਾਂ ਦੀਆਂ ਲਾਸ਼ਾਂ ਇੱਕ ਬੀਚ ਰਿਜੋਰਟ ਵਿੱਚੋਂ ਮਿਲੀਆਂ ਸਨ ਪੁਲਿਸ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਡਰੱਗ ਦੀ ਓਵਰਡੋਜ ਕਾਰਨ ਤਿੰਨਾਂ ਔਰਤਾਂ ਦੀ ਮੌਤ ਹੋਈ ਹੈ ਪੁਲਿਸ ਨੇ ਮਾਰੀਆਂ ਗਈਆਂ ਔਰਤਾਂ ਦੀ ਪਹਿਚਾਣ ਜਾਰੀ ਕਰਦਿਆਂ ਦੱਸਿਆ ਹੈ ਕਿ ਇਨਾਂ ਵਿੱਚ 23 ਸਾਲਾ ਕਾਉਤਰ ਨੱਕਾਦ, , 24 ਸਾਲਾ ਇਮਾਨੇ ਮੱਲਾਹ, ਅਤੇ 26 ਸਾਲਾ ਵਾਫੇ ਅਲ ਅਰਾਰ, ਦੇ ਤੌਰ 'ਤੇ ਹੋਈ ਹੈ Royal Kahal Beach ਰਿਸੋਰਟ 'ਚੋਂ ਮਿਲੀਆਂ ਔਰਤਾਂ ਦੀਆਂ ਲਾਸ਼ਾਂ 'ਤੇ ਕਿਸੇ ਤਰਾਂ ਦੀ ਸੱਟ ਆਦਿ ਦਾ ਨਿਸ਼ਾਨ ਨਹੀਂ ਮਿਲਿਆ .

# ਟਰੰਪ ਦੀਆਂ ਕੈਨੇਡਾ 'ਤੇ ਕਬਜ਼ੇ ਦੀਆਂ ਧਮਕੀਆਂ ਦਾ ਮੁੱਦਾ ਬਾਦਸ਼ਾਹ ਚਾਰਲਸ ਤੀਜੇ ਕੋਲ ਉਠਾਉਣਗੇ ਟਰੂਡੋ



ਟੋਰਾਂਟੋ (ਪੰਜਾਬੀ ਅਖਬਾਰ ਬਿਊਰੋ)- ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸੋਮਵਾਰ ਨੂੰ ਦੇਸ਼ ਦੇ ਰਾਸ਼ਟਰ ਮੁਖੀ ਬਾਦਸ਼ਾਹ ਚਾਰਲਸ ਤੀਜੇ ਨਾਲ ਮੁਲਾਕਾਤ ਕਰਨਗੇ ਜਿੱਥੇ ਉਹ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਕੈਨੇਡਾ ਨੂੰ ਅਮਰੀਕਾ ਵਿਚ ਮਿਲਾ ਕੇ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੀਆਂ ਦਿੱਤੀਆਂ ਜਾ ਰਹੀਆਂ ਧਮਕੀਆਂ ਬਾਰੇ ਚਰਚਾ ਕਰਨਗੇ।ਗ਼ੌਰਤਲਬ ਹੈ ਕਿ ਟਰੰਪ ਵੱਲੋਂ ਕੈਨੇਡਾ ਨੂੰ ਅਮਰੀਕਾ ਨਾਲ ਮਿਲਾਉਣ ਦੀਆਂ ਧਮਕੀਆਂ ਬਾਰੇ ਚੁੱਪ ਰਹਿਣ ਲਈ ਕੈਨੇਡਾ ਵਿਚ ਬਾਦਸ਼ਾਹ ਚਾਰਲਸ ਦੀ ਆਲੋਚਨਾਹੋ ਰਹੀ ਹੈ। ਟਰੂਡੋ ਨੇ ਐਤਵਾਰ ਨੂੰ ਲੰਡਨ ਵਿੱਚ ਕਿਹਾ ਕਿ ਉਹ ਚਾਰਲਸ ਨਾਲ ਕੈਨੇਡੀਅਨਾਂ ਲਈ ਅਹਿਮ ਮਾਮਲਿਆਂ 'ਤੇ ਚਰਚਾ ਕਰਨਗੇ ਅਤੇ ਕਿਹਾ ਕਿ ਇਸ ਸਮੇਂ ਕੈਨੇਡੀਅਨਾਂ ਲਈ ਆਪਣੀ ਪ੍ਰਭੂਸੱਤਾ ਅਤੇ ਇੱਕ ਰਾਸ਼ਟਰ ਵਜੋਂ ਆਪਣੀ ਆਜ਼ਾਦੀ ਲਈ ਖੜ੍ਹੇ ਹੋਣ ਤੋਂ ਵੱਧ ਕੁਝ ਵੀ ਅਹਿਮ ਨਹੀਂ ਜਾਪਦਾ। ਗ਼ੌਰਤਲਬ ਹੈ ਕਿ ਕੈਨੇਡਾ ਵਿੱਚ ਰਾਜ ਦਾ ਮੁਖੀ ਜਾਂ ਰਾਸ਼ਟਰ ਮੁਖੀ ਕਿੰਗ ਚਾਰਲਸ ਹੀ ਹਨ ਅਤੇ ਕੈਨੇਡਾ, ਬਰਤਾਨੀਆ ਦੀਆਂ ਸਾਬਕਾ ਬਸਤੀਆਂ 'ਤੇ ਆਧਾਰਤ ਬ੍ਰਿਟਿਸ਼ ਰਾਸ਼ਟਰਮੰਡਲ ਦਾ ਮੈਂਬਰ ਹੈ। ਭਾਰਤ ਤੇ ਪਾਕਿਸਤਾਨ ਸਮੇਤ ਹੋਰ ਅਜਿਹੇ ਮੁਲਕ ਵੀ ਰਾਸ਼ਟਰ ਮੰਡਲ ਦਾ ਹਿੱਸਾ ਹਨ।ਕੁੱਲ ਮਿਲਾ ਕੇ ਕੈਨੇਡਾ ਵਿੱਚ ਬਰਤਾਨਵੀ ਰਾਜਸ਼ਾਹੀ ਵਿਰੋਧੀ ਲਹਿਰ ਬਹੁਤੀ ਵੱਡੀ ਤਾਂ ਨਹੀਂ ਹੈ, ਪਰ ਟਰੰਪ ਦੀਆਂ ਧਮਕੀਆਂ 'ਤੇ ਚਾਰਲਸ ਦੀ ਖ਼ਾਮੋਸ਼ੀ ਨੇ ਹਾਲ ਹੀ ਦੇ ਦਿਨਾਂ ਵਿੱਚ ਅਜਿਹੀ ਚਰਚਾ ਨੂੰ ਹੁਲਾਰਾ ਦਿੱਤਾ ਹੈ।ਕੈਨੇਡੀਅਨ ਸੂਬੇ ਅਲਬਰਟਾ ਦੇ ਸਾਬਕਾ ਪ੍ਰੀਮੀਅਰ ਜੇਸਨ ਕੇਨੀ ਨੇ ਕਿਹਾ ਕਿ ਕੈਨੇਡੀਅਨਾਂ ਲਈ ਨਿਰਾਸ਼ਾ ਵਾਲੀ ਗੱਲ ਹੈ ਕਿ ਸਮਾਰਟ ਚਾਰਲਸ ਨੇ ਟਰੰਪ ਦੀਆਂ ਧਮਕੀਆਂ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਉਹ ਸਿਰਫ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਸਲਾਹ 'ਤੇ ਹੀ ਕੰਮ ਕਰ ਸਕਦੇ ਹਨ।ਕੇਨੀ ਨੇ ਐਕਸ 'ਤੇ ਪਾਈ ਪੋਸਟ ਵਿਚ ਕਿਹਾ, ਕੈਨੇਡਾ ਸਰਕਾਰ ਨੂੰ ਰਾਸ਼ਟਰ ਮੁਖੀ ਨੂੰ ਕੈਨੇਡੀਅਨ ਪ੍ਰਭੂਸੱਤਾ ਨੂੰ ਉਜਾਗਰ ਕਰਨ ਲਈ ਕਹਿਣਾ ਚਾਹੀਦਾ ਹੈ। ਗ਼ੌਰਤਲਬ ਹੈ ਕਿ ਬਾਦਸ਼ਾਹ ਚਾਰਲਸ ਨੇ ਜਿਸ ਨੇ ਐਤਵਾਰ ਨੂੰ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨਾਲ ਹੀ ਟਰੰਪ ਨੂੰ ਸਰਕਾਰੀ ਦੌਰੇ 'ਤੇ ਸਕਾਟਲੈਂਡ ਆਉਣ ਦਾ ਸੱਦਾ ਦਿੱਤਾ ਹੈ।ਸੰਵਿਧਾਨਕ ਵਕੀਲ ਲਾਇਲ ਸਕਿਨਰ ਨੇ 'ਤੇ ਪੁੱਛਿਆ, ਖੁਸ਼ਖ਼ਬਰੀ ਹੈ ਕਿ ਪ੍ਰਧਾਨ ਮੰਤਰੀ ਭਲਕੇ ਕੈਨੇਡਾ ਦੇ ਬਾਦਸ਼ਾਹ ਨਾਲ ਮੁਲਾਕਾਤ ਕਰਨਗੇ। ਉਮੀਦ ਹੈ ਕਿ ਇਸ ਦੇ ਨਤੀਜੇ ਵਜੋਂ ਸਮਰਾਟ ਆਪਣੇ ਕੈਨੇਡੀਅਨ ਇਲਾਕੇ ਬਾਰੇ ਬਿਆਨ ਦੇਣਗੇ।

# ਬੰਗਲਾਦੇਸ਼: ਸੁਪਰੀਮ ਕੋਰਟ ਨੇ ਖਾਲਿਦਾ ਜ਼ਿਆ ਨੂੰ ਬਰੀ ਕਰਨ ਦੇ ਫ਼ੈਸਲੇ ਨੂੰ ਰੱਖਿਆ ਬਰਕਰਾਰ

ਢਾਕਾ (ਪੰਜਾਬੀ ਅਖਬਾਰ ਬਿਊਰੋ)- ਬੰਗਲਾਦੇਸ਼ ਦੀ ਸੁਪਰੀਮ ਕੋਰਟ ਨੇ ਸੋਮਵਾਰ ਨੂੰ ਸਾਬਕਾ ਪ੍ਰਧਾਨ ਮੰਤਰੀ ਅਤੇ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀ.ਐਨ.ਪੀ) ਦੀ ਪ੍ਰਧਾਨ ਖਾਲਿਦਾ ਜ਼ਿਆ ਨੂੰ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ਵਿੱਚ ਬਰੀ ਕਰਨ ਦੇ ਹਾਈ ਕੋਰਟ ਦੇ ਫ਼ੈਸਲੇ ਨੂੰ ਬਰਕਰਾਰ ਰੱਖਿਆ। ਇਸ ਮਾਮਲੇ ਵਿੱਚ ਇੱਕ ਹੇਠਲੀ ਅਦਾਲਤ ਨੇ ਉਸਨੂੰ ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ। ਸਰਕਾਰੀ ਸਮਾਚਾਰ ਏਜੰਸੀ ਬੀ.ਐਸ.ਐਸ ਦੀ ਰਿਪੋਰਟ ਅਨੁਸਾਰ ਜਸਟਿਸ ਮੁਹੰਮਦ ਅਸ਼ਫਾਕੁਲ ਇਸਲਾਮ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਅਪੀਲੀ ਬੈਂਚ ਨੇ ਇਹ ਹੁਕਮ ਪਾਸ ਕਰਦੇ ਹੋਏ ਸਰਕਾਰ ਅਤੇ ਭ੍ਰਿਸ਼ਟਾਚਾਰ ਵਿਰੋਧੀ ਕਮਿਸ਼ਨ (ਏ.ਸੀ.ਸੀ) ਵੱਲੋਂ ਜ਼ਿਆ ਅਤੇ ਹੋਰਾਂ ਨੂੰ ਬਰੀ ਕਰਨ ਦੇ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਜ਼ਿਆ (79) ਨੂੰ 2018 ਵਿੱਚ ਜ਼ਿਆ ਚੈਰੀਟੇਬਲ ਟਰੱਸਟ ਭ੍ਰਿਸ਼ਟਾਚਾਰ ਮਾਮਲੇ ਵਿੱਚ ਢਾਕਾ ਦੀ ਇੱਕ ਅਦਾਲਤ ਨੇ ਦੋਸ਼ੀ ਠਹਿਰਾਇਆ ਸੀ। ਅਦਾਲਤ ਨੇ ਉਸਨੂੰ ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ ਅਤੇ ਨਾਲ ਹੀ 10 ਲੱਖ ਟਕਾ (ਬੰਗਲਾਦੇਸ਼ੀ ਮੁਦਰਾ) ਦਾ ਜੁਰਮਾਨਾ ਵੀ ਲਗਾਇਆ ਸੀ। ਪਿਛਲੇ ਸਾਲ 27 ਨਵੰਬਰ ਨੂੰ ਹਾਈ ਕੋਰਟ ਨੇ ਜ਼ਿਆ ਅਤੇ ਦੋ ਹੋਰ ਦੋਸ਼ੀਆਂ - ਜ਼ਿਆਉਲ ਇਸਲਾਮ ਅਤੇ ਮੋਨੀਰੂਲ ਇਸਲਾਮ ਖਾਨ - ਦੁਆਰਾ ਦਾਇਰ ਦੋ ਵੱਖ-ਵੱਖ ਅਪੀਲਾਂ ਨੂੰ ਸਵੀਕਾਰ ਕਰ ਲਿਆ ਸੀ, ਜਿਨ੍ਹਾਂ ਵਿੱਚ ਜ਼ਿਆ ਚੈਰੀਟੇਬਲ ਟਰੱਸਟ ਭ੍ਰਿਸ਼ਟਾਚਾਰ ਮਾਮਲੇ ਵਿੱਚ ਹੇਠਲੀ ਅਦਾਲਤ ਦੀ ਸਜ਼ਾ ਅਤੇ ਸਜ਼ਾ ਨੂੰ ਚੁਣੌਤੀ ਦਿੱਤੀ ਗਈ ਸੀ ਅਤੇ ਉਨ੍ਹਾਂ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ ਸੀ। ਸਰਕਾਰ ਅਤੇ ਏਸੀਸੀ ਨੇ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਲਈ ਪਟੀਸ਼ਨ ਦਾਇਰ ਕੀਤੀ। ਨਿਊਜ਼ ਏਜੰਸੀ ਅਨੁਸਾਰ ਇਹ ਮਾਮਲਾ ਅਪੀਲੀ ਡਿਵੀਜ਼ਨ ਦੇ ਨਿਯਮਤ ਬੈਂਚ ਦੇ ਸਾਹਮਣੇ ਸੁਣਵਾਈ ਲਈ ਆਇਆ ਅਤੇ ਸੁਪਰੀਮ ਕੋਰਟ ਨੇ ਸੋਮਵਾਰ ਨੂੰ ਆਪਣਾ ਹੁਕਮ ਸੁਣਾਇਆ।






ਕੈਨੇਡਾ ਵਿੱਚ ਨਵੇਂ ਹੋ?

ਕੈਨੇਡਾ ਵਿੱਚ ਜੀਵਨ ਦੇ ਨਾਲ ਤਾਲਮੇਲ ਬਿਠਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਸੇਵਾਵਾਂ ਉਪਲਬਧ ਹਨ। ਭਾਵੇਂ ਤੁਸੀਂ ਕੁਝ ਮਹੀਨਿਆਂ ਤੋਂ ਜਾਂ ਕੁਝ ਸਾਲਾਂ ਤੋਂ ਇੱਥੇ ਰਹਿ ਰਹੇ ਹੋ, ਕੈਨੇਡਾ ਵਿੱਚ ਸਫਲ ਜੀਵਨ ਬਣਾਉਣ ਦੇ ਦੌਰਾਨ ਦੋਸਤਾਨਾ ਅਤੇ ਤਜਰਬੇਕਾਰ ਪੇਸ਼ੇਵਰ ਤੁਹਾਡੀ ਮਦਦ ਕਰ ਸਕਦੇ ਹਨ।

ਉਹ ਤੁਹਾਡੀ ਸਹਾਇਤਾ ਕਰ ਸਕਦੇ ਹਨ

- ਨੌਕਰੀ ਲੱਭਣ ਵਿੱਚ
- ਤੁਹਾਡੀ ਅੰਗਰੇਜ਼ੀ ਜਾਂ ਫ੍ਰੈਂਚ ਨੂੰ ਬਿਹਤਰ ਬਣਾਉਣ ਲਈ ਭਾਸ਼ਾ ਦੀ ਸਿਖਲਾਈ ਪ੍ਰਾਪਤ ਕਰਨ ਵਿੱਚ
- ਲੋਕਾਂ ਨੂੰ ਮਿਲਣ ਅਤੇ ਆਪਣੇ ਸਥਾਨਕ ਭਾਈਚਾਰੇ ਨਾਲ ਜੁੜਨ ਵਿੱਚ
- ਸੈਟਲਮੈਂਟ ਸੇਵਾਵਾਂ ਤੱਕ ਪਹੁੰਚ ਕਰਨ ਲਈ ਚਾਇਲਡ ਕੇਅਰ ਅਤੇ ਆਵਾਜਾਈ ਦਾ ਪਤਾ ਲਗਾਉਣ ਵਿੱਚ

IRCC 3959



ਆਪਣੇ ਨੇੜੇ ਨਵੇਂ ਆਉਣ ਵਾਲਿਆਂ ਲਈ ਸੇਵਾਵਾਂ ਲੱਭਣ ਲਈ Canada.ca/newcomer-Punjabi 'ਤੇ ਜਾਓ।

Immigration, Refugees and Citizenship Canada | Immigration, Réfugiés et Citoyenneté Canada

Canada

# ਰੂਸ ਨਾਲ ਜੰਗ ਦਾ ਖ਼ਾਤਮਾ ਹਾਲੇ ਦੂਰ ਦੀ ਗੱਲ: ਜ਼ੇਲੈਂਸਕੀ



ਕੀਵ (ਪੰਜਾਬੀ ਅਖਬਾਰ ਬਿਊਰੋ)- ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੇ ਕਿਹਾ ਕਿ ਉਨ੍ਹਾਂ ਦੇ ਦੇਸ਼ ਅਤੇ ਰੂਸ ਦਰਮਿਆਨ ਜਾਰੀ ਜੰਗ ਖ਼ਤਮ ਹੋਣ ਦੇ ਆਸਾਰ ਹਾਲੇ ਬਹੁਤ ਦੂਰ-ਦੂਰ ਤੱਕ ਨਜ਼ਰ ਨਹੀਂ ਆ ਰਹੇ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਉਨ੍ਹਾਂ ਦੇ ਹਾਲ ਹੀ ਦੇ ਤਣਾਅਪੂਰਨ ਸਬੰਧਾਂ ਦੇ ਬਾਵਜੂਦ ਅਮਰੀਕਾ ਵੱਲੋਂ ਉਨ੍ਹਾਂ ਨੂੰ ਸਮਰਥਨ ਮਿਲਦਾ ਰਹੇਗਾ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਜ਼ੇਲੈਂਸਕੀ ਦੇ ਇਸ ਬਿਆਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਜ਼ੇਲੈਂਸਕੀ ਦੀ ਸਭ ਤੋਂ ਖ਼ਰਾਬ ਬਿਆਨਬਾਜ਼ੀ ਹੈ ਅਤੇ ਅਮਰੀਕਾ ਇਸ ਨੂੰ ਹੋਰ ਬਰਦਾਸ਼ਤ ਨਹੀਂ ਕਰੇਗਾ।

ਜ਼ੇਲੈਂਸਕੀ ਨੇ ਪਿਛਲੇ ਤਿੰਨ ਸਾਲਾਂ ਤੋਂ ਜਾਰੀ ਜੰਗ ਵਿੱਚ ਅਮਰੀਕਾ ਵੱਲੋਂ ਮਿਲੇ ਸਮਰਥਨ ਦਾ ਜ਼ਿਕਰ ਕਰਦਿਆਂ ਕਿਹਾ, "ਮੇਰਾ ਮੰਨਣਾ ਹੈ ਕਿ ਸਾਡਾ ਸਬੰਧ (ਅਮਰੀਕਾ ਨਾਲ) ਇਸੇ ਤਰ੍ਹਾਂ ਹੀ ਮਜ਼ਬੂਤ ਰਹੇਗਾ।"

ਉਨ੍ਹਾਂ ਨੇ ਲੰਡਨ ਤੋਂ ਰਵਾਨਾ ਹੋਣ ਤੋਂ ਪਹਿਲਾਂ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਿਹਾ, "ਮੇਰਾ ਮੰਨਣਾ ਹੈ ਕਿ ਯੂਕਰੇਨ ਦੀ ਅਮਰੀਕਾ ਨਾਲ ਏਨੀ ਮਜ਼ਬੂਤ ਭਾਈਵਾਲੀ ਹੈ ਕਿ ਸਹਾਇਤਾ ਜਾਰੀ ਰਹਿ ਸਕੇ।"

ਜ਼ੇਲੈਂਸਕੀ ਲੰਡਨ ਦੇ ਦੌਰੇ 'ਤੇ ਗਏ ਹਨ ਜਿੱਥੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਯੂਕਰੇਨ ਨੂੰ ਸਮਰਥਨ ਦੇਣ ਲਈ ਯੂਰਪ ਦੇ ਆਗੂਆਂ ਦੀ ਮੀਟਿੰਗ ਬੁਲਾਈ ਹੈ। ਇਹ ਮੀਟਿੰਗ ਅਜਿਹੇ ਸਮੇਂ ਬੁਲਾਈ ਗਈ ਹੈ ਜਦੋਂ ਟਰੰਪ ਦਾ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਪ੍ਰਤੀ ਝੁਕਾਅ ਹੈ। ਯੂਰਪ ਨੂੰ ਟਰੰਪ ਦੇ ਇਰਾਦਿਆਂ ਅਤੇ ਰਣਨੀਤੀ 'ਤੇ ਸ਼ੱਕ ਹੈ।

ਜ਼ੇਲੈਂਸਕੀ ਯੂਕਰੇਨ ਨੂੰ ਫੌਜੀ ਅਤੇ ਵਿੱਤੀ ਸਹਾਇਤਾ ਦੇਣ ਵਾਲੇ ਪੱਛਮੀ ਦੇਸ਼ਾਂ ਦਰਮਿਆਨ ਹਾਲ ਹੀ ਵਿੱਚ ਹੋਈ ਕੂਟਨੀਤਕ ਉਥਲ-ਪੁਥਲ ਦੇ ਬਾਵਜੂਦ ਉਤਸ਼ਾਹਿਤ ਨਜ਼ਰ ਆ ਰਹੇ ਹਨ। ਇਹ ਘਟਨਾਕ੍ਰਮ ਅਜਿਹੇ ਸਮੇਂ ਵਾਪਰ ਰਹੇ ਹਨ ਜਦੋਂ ਯੂਕਰੇਨ ਦੀ ਕਮਜ਼ੋਰ ਫੌਜ ਨੂੰ ਭਾਰੀ ਰੂਸੀ ਫੌਜ ਦਾ ਸਾਹਮਣਾ ਕਰਨ ਵਿੱਚ ਮੁਸ਼ਕਲ ਆ ਰਹੀ ਹੈ।

# ਕੈਨੇਡਾ - ਅਮਰੀਕਾ ਸਰਹੱਦ ਤੋਂ 2.86 ਮਿਲੀਅਨ ਡਾਲਰ ਦੀਆਂ ਡਰਗਜ਼ ਬਰਾਮਦ

## ਦੋ ਵੱਖ- ਵੱਖ ਟਰੱਕਾਂ 'ਚੋਂ ਬਰਾਮਦ ਹੋਈਆਂ ਡਰੱਗਜ਼ ਦੋਵੇਂ ਟਰੱਕ ਕੈਲਗਰੀ ਆ ਰਹੇ ਸਨ - 2 ਡਰਾਈਵਰ ਗ੍ਰਿਫ਼ਤਾਰ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਕੈਨੇਡਾ ਬਾਰਡਰ ਸਰਵਿਸ ਏਜੰਸੀ ਵੱਲੋਂ ਅਮਰੀਕਾ ਦੀ ਸਰਹੱਦ ਤੋਂ ਬੀਤੇ ਦਿਨਾਂ 'ਚ ਲੱਖਾਂ ਡਾਲਰਾਂ ਦੀਆਂ ਡਰੱਗਸ ਫੜੀਆਂ ਗਈਆਂ ਹਨ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸੀਬੀਐਸਏ ਨੇ ਦੱਸਿਆ ਹੈ ਕਿ ਕ੍ਰਿਸਮਸ ਦੀ ਸ਼ਾਮ ਕੂਟਸ ਬਾਰਡਰ ਕਰੋਸਿੰਗ ਉੱਪਰ ਅਧਿਕਾਰੀਆਂ ਵੱਲੋਂ ਇੱਕ ਕਮਰਸ਼ੀਅਲ ਟਰੱਕ ਦੀ ਦਾ ਮੁਆਇਨਾ ਕੀਤਾ ਜਾ ਰਿਹਾ ਸੀ ਜਿਸ ਦੌਰਾਨ 186 ਕਿਲੋ ਮੈਥ ਬਰਾਮਦ ਹੋਈ ਜਿਸ ਦੀ ਕੀਮਤ 1.86 ਮਿਲੀਅਨ ਡਾਲਰ ਬਣਦੀ ਹੈ ਅਧਿਕਾਰੀਆਂ ਨੇ ਦੱਸਿਆ ਕਿ ਇਹ ਟਰੱਕ ਕੈਲਗਰੀ ਜਾ ਰਿਹਾ ਸੀ ਉਸ ਤੋਂ ਬਾਅਦ 18 ਜਨਵਰੀ ਨੂੰ ਜਦੋਂ ਇੱਕ ਟਰੱਕ ਨੂੰ ਦੂਜੇ ਮੁਆਇਨੇ ਵਾਸਤੇ ਕੂਟਸ ਬਾਰਡਰ ਤੇ ਹੀ ਰੋਕਿਆ ਗਿਆ ਤਾਂ ਟ੍ਰੇਲਰ ਵਿੱਚੋਂ ਦੋ ਬਕਸੇ ਬਰਾਮਦ ਹੋਏ ਜਿੰਨ੍ਹਾਂ ਵਿੱਚ 42 ਕਿਲੋ ਕੋਕੀਨ ਬਰਾਮਦ ਹੋਈ ਜਿਸ ਦੀ ਕੀਮਤ ਇੱਕ ਮਿਲੀਅਨ ਡਾਲਰ ਬਣਦੀ ਹੈ ਇਹ ਟਰੱਕ ਵੀ ਕੈਲਗਰੀ ਜਾ ਰਿਹਾ ਸੀ ਦੋਹਾਂ ਟਰੱਕਾਂ ਦੇ ਡਰਾਈਵਰਾਂ ਨੂੰ ਗ੍ਰਿਫ਼ਤਾਰ ਕਰਕੇ ਅਲਬਰਟਾ ਆਰਸੀਐਮਪੀ ਨੂੰ ਸੌਂਪ ਦਿੱਤਾ ਗਿਆ ਵਰਨਨ ਯੋਗ ਹੈ ਕਿ ਕੈਨੇਡਾ ਅਤੇ ਅਲਬਰਟਾ ਸਰਕਾਰ ਵੱਲੋਂ ਬੀਤੇ ਦਿਨੀ ਡਰੱਗ ਤਸਕਰੀ ਨੂੰ ਰੋਕਣ ਲਈ ਅਮਰੀਕਾ ਨਾਲ ਲੱਗਦੀ ਸਰਹੱਦ ਉੱਪਰ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ

# ਪਾਕਿਸਤਾਨ ਇੱਕ ਅਸਫ਼ਲ ਦੇਸ਼ ਜੋ ਵਿਦੇਸ਼ੀ ਮੱਦਦ ਨਾਲ ਚੱਲਦੈ -ਭਾਰਤ

ਜਨੇਵਾ (ਪੰਜਾਬੀ ਅਖ਼ਬਾਰ ਬਿਊਰੋ ) ਭਾਰਤ ਨੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਵਿਚ ਜੰਮੂ ਕਸ਼ਮੀਰ ਦਾ ਮੁੱਦਾ ਚੁੱਕਣ ਲਈ ਪਾਕਿਸਤਾਨ ਦੀ ਤਿੱਖੀ ਆਲੋਚਨਾ ਕੀਤੀ ਹੈ। ਭਾਰਤ ਨੇ ਕਿਹਾ,ਕਿ ਪਾਕਿਸਤਾਨ "ਇੱਕ 'ਨਾਕਾਮ ਮੁਲਕ', ਜੋ 'ਕੌਮਾਂਤਰੀ ਮੱਦਦ ' ਦੇ ਸਿਰ 'ਤੇ ਜਿਊਂਦਾ ਹੈ ਅਤੇ ਆਪਣੇ ਫੌਜੀ-ਦਹਿਸ਼ਤੀ ਆਕਾਵਾਂ ਵੱਲੋਂ ਬੋਲੇ ਗਏ ਝੂਠ ਨੂੰ 'ਪੂਰੀ ਜ਼ਿੰਮੇਵਾਰੀ' ਨਾਲ ਫੈਲਾਉਂਦਾ ਹੈ।" ਭਾਰਤ ਨੇ ਜਨੇਵਾ ਵਿੱਚ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਦੇ 58ਵੇਂ ਨਿਯਮਤ ਸੈਸ਼ਨ ਦੌਰਾਨ ਜਵਾਬ ਦੇਣ ਦੇ ਆਪਣੇ ਅਧਿਕਾਰ ਦੀ ਵਰਤੋਂ ਕਰਦਿਆਂ ਪਾਕਿਸਤਾਨ ਨੂੰ ਕਰਾਰੇ ਹੱਥੀਂ ਲਿਆ। ਆਦਤ ਤੋਂ ਮਜਬੂਰ ਪਾਕਿਸਤਾਨ ਨੇ ਇੱਕ ਵਾਰ ਇਸ ਮੰਚ ਤੋਂ ਜੰਮੂ-ਕਸ਼ਮੀਰ ਦਾ ਮੁੱਦਾ ਚੁੱਕਿਆ ਹੈ। ਸੰਯੁਕਤ ਰਾਸ਼ਟਰ ਵਿੱਚ ਭਾਰਤ ਦੇ ਸਥਾਈ ਮਿਸ਼ਨ ਦੇ ਕੌਂਸਲਰ ਕਸ਼ਿਤਿਜ ਤਿਆਗੀ ਨੇ ਕਿਹਾ, "ਭਾਰਤ, ਪਾਕਿਸਤਾਨ ਵੱਲੋਂ ਕੀਤੇ ਗਏ ਬੇਬੁਨਿਆਦ ਤੇ ਵਿਵਾਦਿਤ ਹਵਾਲਿਆਂ ਦਾ ਜਵਾਬ ਦੇਣ ਲਈ ਆਪਣੇ ਅਧਿਕਾਰ ਦੀ ਵਰਤੋਂ ਕਰ ਰਿਹਾ ਹੈ।ਉਨਾਂ ਕਿਹਾ ਇਹ ਅਫਸੋਸਜਨਕ ਹੈ, ਪਰ ਇਸ ਵਿਚ ਕੋਈ ਹੈਰਾਨੀ ਨਹੀਂ ਕਿ ਪਾਕਿਸਤਾਨ ਦੇ ਅਖੌਤੀ ਆਗੂ ਅਤੇ ਡੈਲੀਗੇਟ ਆਪਣੇ ਫੌਜੀ-ਅਤਿਵਾਦੀ ਤਾਣੇ ਬਾਣੇ ਵੱਲੋਂ ਸਿਰਜੇ ਗਏ ਝੂਠ ਨੂੰ ਪੂਰੀ ਸ਼ਿੱਦਤ ਨਾਲ ਫੈਲਾਉਂਦੇ ਹਨ

## ਭਾਰਤ-ਯੂਰਪੀ ਸੰਘ ਇਸ ਸਾਲ ਮੁਕਤ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣਗੇ

ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ)- ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਯੂਰਪੀਅਨ ਯੂਨੀਅਨ ਕਮਿਸ਼ਨ ਦੀ ਮੁਖੀ ਉਰਸੁਲਾ ਵਾਨ ਡੇਰ ਲੇਅਨ ਨੇ ਨਵੀਂ ਦਿੱਲੀ 'ਚ ਮੁਲਾਕਾਤ ਕੀਤੀ। ਇਹ ਫੈਸਲਾ ਕੀਤਾ ਗਿਆ ਸੀ ਕਿ ਭਾਰਤ ਅਤੇ ਯੂਰਪੀਅਨ ਯੂਨੀਅਨ ਇਸ ਸਾਲ ਦੇ ਅੰਤ ਤੱਕ ਇੱਕ ਮੁਕਤ ਵਪਾਰ ਸਮਝੌਤੇ 'ਤੇ ਦਸਤਖਤ ਕਰਨਗੇ। ਭਾਰਤ ਅਤੇ ਯੂਰਪੀ ਸੰਘ ਵਿਚਾਲੇ ਦੁਨੀਆ ਦੇ ਸਭ ਤੋਂ ਵੱਡੇ ਵਪਾਰ ਸਮਝੌਤੇ 'ਤੇ ਗੱਲਬਾਤ 17 ਸਾਲ ਪਹਿਲਾਂ ਸ਼ੁਰੂ ਹੋਈ ਸੀ। 2013 ਵਿੱਚ, ਇਹ ਗੱਲਬਾਤ ਦੋਵਾਂ ਪਾਸਿਆਂ ਤੋਂ ਵੱਖਰੀਆਂ ਉਮੀਦਾਂ ਕਾਰਨ ਰੁਕ ਗਈ ਸੀ। ਇਸ ਨੂੰ ਜੂਨ 2022 ਵਿੱਚ ਮੁੜ ਚਾਲੂ ਕੀਤਾ ਗਿਆ ਸੀ। ਹੁਣ ਇਸ ਨੂੰ ਇਸ ਸਾਲ ਦੇ ਅੰਤ ਤੱਕ ਅੰਤਿਮ ਰੂਪ ਦਿੱਤਾ ਜਾਵੇਗਾ। ਭਾਰਤ ਇਸ ਸਾਲ ਦੇ ਅੰਤ ਵਿੱਚ ਭਾਰਤ-ਈਯੂ ਸਿਖਰ ਸੰਮੇਲਨ ਦੀ ਮੇਜ਼ਬਾਨੀ ਕਰੇਗਾ। ਇਸ ਬਾਰੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, ਅਸੀਂ ਭਾਰਤ-ਈਯੂ ਭਾਈਵਾਲੀ ਨੂੰ 2025 ਤੋਂ ਅੱਗੇ ਲਿਜਾਣ ਲਈ ਇੱਕ ਦਲੇਰ ਅਤੇ ਉਤਸ਼ਾਹੀ ਰੋਡਮੈਪ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਨੂੰ ਅਗਲੇ ਭਾਰਤ-ਈਯੂ ਸਿਖਰ ਸੰਮੇਲਨ ਵਿੱਚ ਲਾਂਚ ਕੀਤਾ ਜਾਵੇਗਾ


















# ਤਿੰਨ ਸਾਲ ਪਹਿਲਾਂ ਆਪਣਾ ਦੇਸ਼ ਛੱਡਣ ਦੇ ਦਰਦ ਨੂੰ ਨਹੀਂ ਭੁੱਲੇ ਯੂਕਰੇਨੀ ਲੋਕ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ )ਯੂਕਰੇਨ ਵਿੱਚ ਲੜਾਈ ਜਾਰੀ ਹੈ, ਅਜਿਹੇ ਵਿੱਚ ਕੈਨੇਡਾ ਵਿੱਚ ਅਸਥਾਈ ਨਿਵਾਸੀ ਦਸਤਾਵੇਜਾਂ ਦੇ ਨਾਲ ਰਹਿ ਰਹੇ ਇੱਕ ਲੱਖ ਤੋਂ ਵਲੋਂ ਵੱਧ ਯੂਕਰੇਨ ਦੇ ਨਾਗਰਿਕਾਂ ਦੀ ਸਮਾਂ-ਸੀਮਾ ਖ਼ਤਮ ਹੋਣ ਵਾਲੀ ਹੈ। ਰੂਸ ਵੱਲੋਂ ਫਰਵਰੀ, 2022 ਵਿੱਚ ਵੱਡੇ ਪੈਮਾਨੇ ’ਤੇ ਹਮਲਾ ਸ਼ੁਰੂ ਕੀਤੇ ਜਾਣ ਤੋਂ ਬਾਅਦ ਕਈ ਲੋਕ ਯੁੱਧਗ੍ਰਸਤ ਦੇਸ਼ ਤੋਂ ਭੱਜ ਗਏ ਸਨ। ਯੂਕਰੇਨੀਅਨ ਨਾਗਰਿਕਾਂ ਨੂੰ ਹੁਣ ਵੀ ਤਿੰਨ ਸਾਲ ਪਹਿਲਾਂ ਆਪਣੇ ਦੇਸ਼ ਯੂਕਰੇਨ ਤੋਂ ਆਉਣ ਦੀ ਦਰਦਨਾਕ ਕਹਾਣੀ ਯਾਦ ਆਉਂਦੀ ਹੈ। ਉਨ੍ਹਾਂਅਨੁਸਾਰ ਪਹਿਲਾ ਸਾਲ ਬਹੁਤ ਚੁਣੌਤੀ ਭਰਪੂਰ ਸੀ ਕਿਉਂਕਿ ਸ਼ੁਰੂਆਤ ਵਿੱਚ ਭਾਵਨਾਵਾਂ ਪ੍ਰਬਲ ਸਨ। ਉਹ ਸਮਝ ਨਹੀਂ ਪਾ ਰਹੇ ਸਨ ਕਿ ਉਹ ਇੱਥੇ ਕਿੰਨੇ ਸਮੇਂ ਤੱਕ ਰਹਿਣਗੇ ? ਯੂਕਰੇਨ-ਰੂਸ ਸੰਘਰਸ਼ ਦੇ ਚਲਦੇ ਕੈਨੇਡਾ ਵਿੱਚ ਲਗਭਗ 3 ਲੱਖ ਯੂਕਰੇਨਿਅਨ ਨਾਗਰਿਕਾਂ ਨੂੰ ਰਹਿਣ ਅਤੇ ਕੰਮ ਕਰਨ ਲਈ ਤਿੰਨ ਸਾਲ ਦਾ ਵੀਜ਼ਾ ਦਿੱਤਾ ਗਿਆ ਸੀ, ਜਿਸ ਨੂੰ ਕੈਨੇਡਾ-ਯੂਕਰੇਨ ਐਮਰਜੈਂਸੀ ਯਾਤਰਾ ਪ੍ਰੋਗਰਾਮ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਪਿਛਲੇ ਹਫ਼ਤੇ ਫੈਡਰਲ ਸਰਕਾਰ ਨੇ ਐਲਾਨ ਕੀਤਾ ਸੀ ਕਿ ਉਹ ਯੂਕਰੇਨੀਅਨ ਕੰਮ ਅਤੇ ਪੜ੍ਹਾਈ ਪਰਮਿਟ ਲਈ ਨਵੀਨੀਕਰਣ ਆਵੇਦਨ ਦੀ ਸਮਾਂ ਸੀਮਾ ਨੂੰ ਇੱਕ ਸਾਲ ਵਧਾਕੇ 31 ਮਾਰਚ, 2026 ਕਰ ਰਹੀ ਹੈ। ਕੈਨੇਡਾ ਵਿੱਚ ਯੂਕਰੇਨ ਦੂਤਾਵਾਸ ਦਾ ਕਹਿਣਾ ਹੈ ਕਿ ਜੇਕਰ ਕਿਸੇ ਨਾਗਰਿਕ ਦਾ ਮਾਮਲਾ ਅਲੱਗ ਜਾਂ ਜਿਆਦਾ ਜ਼ਰੂਰੀ ਹੈ, ਉਹ ਆਪਣੇ ਨਜ਼ਦੀਕੀ ਯੂਕਰੇਨੀ ਡਿਪਲੋਮੈਟਿਕ ਮਿਸ਼ਨ ਨਾਲ ਸੰਪਰਕ ਕਰ ਸਕਦਾ ਹੈ

## ਪੈਦਲ ਲੋਕਾਂ ਦੀ ਭੀੜ ’ਤੇ ਕਾਰ ਨਾਲ ਹਮਲਾ -2 ਮੌਤਾਂ ਕਈ ਜ਼ਖਮੀਂ




ਬਰਲਿਨ (ਪੰਜਾਬੀ ਅਖ਼ਬਾਰ ਬਿਊਰੋ ) ਜਰਮਨੀ ’ਚ ਇੱਕ ਕਾਰ ਡਰਾਈਵਰ ਨੇ ਭੀੜ ’ਤੇ ਹਮਲਾ ਕਰ ਦਿਤਾ, ਜਿਸ ’ਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਪੁਲਿਸ ਨੇ ਇਹ ਜਾਣਕਾਰੀ ਦਿਤੀ। ਮੈਨਹੈਮ ਸ਼ਹਿਰ ਦੀ ਪੁਲਿਸ ਨੇ ਲੋਕਾਂ ਨੂੰ ਸ਼ਹਿਰ ਦੇ ਮੁੱਖ ਖੇਤਰ ਤੋਂ ਦੂਰ ਰਹਿਣ ਅਤੇ ਅਪਣੇ ਘਰਾਂ ਦੇ ਅੰਦਰ ਰਹਿਣ ਲਈ ਕਿਹਾ ਹੈ। ਉਨ੍ਹਾਂ ਦੱਸਿਆ ਕਿ ਸ਼ੱਕੀ ਨੂੰ ਹਿਰਾਸਤ ’ਚ ਲੈ ਲਿਆ ਗਿਆ ਹੈ। ਪੁਲਿਸ ਬੁਲਾਰੇ ਸਟੀਫਨ ਵਿਲਹੈਲਮ ਨੇ ਦੱਸਿਆ ਕਿ ਮੈਨਹੈਮ ’ਚ ਪੈਦਲ ਚੱਲਣ ਵਾਲੀ ਸੜਕ ਪਰੇਡਪਲਾਟਜ਼ ’ਤੇ ਇੱਕ ਡਰਾਈਵਰ ਨੇ ਲੋਕਾਂ ਦੇ ਇੱਕ ਸਮੂਹ ’ਤੇ ਅਪਣੀ ਗੱਡੀ ਚੜ੍ਹਾ ਦਿਤੀ, ਜਿਸ ਕਾਰਨ 2 ਜਣੇ ਮਾਰੇ ਗਏ ਤੇ । ਕਈ ਲੋਕ ਜ਼ਖਮੀ ਹੋਏ ਹਨ। ਹਾਲਾਂਕਿ ਪੁਲਿਸ ਨੇ ਜ਼ਖਮੀਆਂ ਦੀ ਗਿਣਤੀ ਨਹੀਂ ਦੱਸੀ। ਪੁਲਿਸ ਦੇ ਇੱਕ ਬੁਲਾਰੇ ਨੇ ਕਿਹਾ, “ਅਸੀਂ ਇਸ ਗੱਲ ਦੀ ਪੁਸ਼ਟੀ ਕਰ ਸਕਦੇ ਹਾਂ ਕਿ ਇੱਕ ਅਪਰਾਧੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜੇ ਹੋਰ ਦੋਸ਼ੀ ਸਨ ਤਾਂ ਅਸੀਂ ਹੁਣ ਜਾਣਕਾਰੀ ਨਹੀਂ ਦੇ ਸਕਦੇ।” ਘਟਨਾ ਵਾਲੀ ਥਾਂ ਤੋਂ ਮਿਲੀਆਂ ਤਸਵੀਰਾਂ ’ਚ ਇਲਾਕੇ ਦੀ ਘੇਰਾਬੰਦੀ ਕੀਤੀ ਗਈ ਸੀ ਅਤੇ ਹੈਲੀਕਾਪਟਰਾਂ ਨਾਲ ਭਾਰੀ ਪੁਲਿਸ ਤਾਇਨਾਤ ਸੀ ।

## ਰੂਸ ਦੀਆਂ ਜ਼ਬਤ ਕੀਤੀਆਂ ਸੰਪਤੀਆਂ ਵਿੱਚੋਂ 5 ਬਿਲੀਅਨ ਡਾਲਰ ਯੂਕਰੇਨ ਨੂੰ ਦੇਵਾਂਗੇ -ਟਰੂਡੋ

ਓਟਵਾ (ਪੰਜਾਬੀ ਅਖ਼ਬਾਰ ਬਿਊਰੋ )ਰੂਸ ਵੱਲੋਂ 24 ਫਰਵਰੀ 2022 ਨੂੰ ਯੂਕਰੇਨ ਨਾਲ ਸ਼ੁਰੂ ਕੀਤੀ ਗਈ ਜੰਗ ਨੂੰ ਤਿੰਨ ਸਾਲ ਮੁਕੰਮਲ ਹੋ ਗਏ ਹਨ ਅਤੇ ਇਹ ਜੰਗ ਹੁਣ ਚੌਥੇ ਸਾਲ ਵਿੱਚ ਦਾਖਲ ਹੋ ਗਈ ਹੈ ਇਸ ਜੰਗ ਦੇ ਤਿੰਨ ਸਾਲ ਮੁਕੰਮਲ ਹੋਣ ਤੇ ਯੂਕਰੇਨ ਦੀ ਰਾਜਧਾਨੀ ਕੀਵ ਵਿੱਚ ਹੋਏ ਸੁਰੱਖਿਆ ਸੰਮੇਲਨ ਵਿੱਚ ਹਿੱਸਾ ਲੈਣ ਲਈ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੀ ਪਹੁੰਚੇ ਹੋਏ ਸਨ ਇਸ ਦੌਰਾਨ ਜਸਟਿਨ ਟਰੂਡੋ ਨੇ ਐਲਾਨ ਕੀਤਾ ਕਿ ਕੈਨੇਡਾ ਵੱਲੋਂ ਰੂਸ ਦੀਆਂ ਜਬਤ ਕੀਤੀਆਂ ਸੰਪਤੀਆਂ ਵਿੱਚੋਂ ਪੰਜ ਬਿਲੀਅਨ ਡਾਲਰ ਤੇ ਫੰਡ ਯੂਕਰੇਨ ਨੂੰ ਦਿੱਤੇ ਜਾਣਗੇ ਇਸ ਤੋਂ ਇਲਾਵਾ ਉਹਨਾਂ ਆਖਿਆ ਕਿ ਕੈਨੇਡਾ ਵੱਲੋਂ ਯੂਕਰੇਨ ਨੂੰ ਬਖਤਰਬੰਦ ਗੱਡੀਆਂ ਵੀ ਦਿੱਤੀਆਂ ਜਾਣਗੀਆਂ ਇਸ ਸੰਮੇਲਨ ਵਿੱਚ ਹੋਰ ਕਈ ਯੂਰਪੀ ਆਗੂਆਂ ਨੇ ਵੀ ਸ਼ਿਰਕਤ ਕੀਤੀ ਸੀ ਦੇ ਦੌਰਾਨ ਟਰੂਡੋ ਨੇ ਆਖਿਆ ਕਿ ਜਦੋਂ ਰੂਸ ਅਤੇ ਅਮਰੀਕਾ ਇਸ ਜੰਗ ਨੂੰ ਖਤਮ ਕਰਨ ਬਾਰੇ ਗੱਲ ਕਰ ਰਹੇ ਹਨ ਤਾਂ ਉਸ ਵਿੱਚ ਯੂਕਰੇਨ ਦੀ ਸਿੱਧੀ ਸ਼ਮੂਲੀਅਤ ਹੋਣੀ ਜਰੂਰੀ ਹੈ























# ਸ਼ਾਸਕ ਐਨਡੀਪੀ ਨੇ ਫੈਡਰਲ ਲੀਡਰਾਂ ਨੂੰ ਬੁੰਜ-ਵਿਟੇਰਾ ਰਲੇਵੇਂ ਨੂੰ ਰੋਕਣ ਦੀ ਅਪੀਲ ਕੀਤੀ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਚੋਣਾਂ ਨੇੜੇ ਹੋਣ ਦੇ ਨਾਲ, ਸਸਕੈਚਵਨ ਐਨਡੀਪੀ, ਸਾਰੇ ਫੈਡਰਲ ਪਾਰਟੀ ਨੇਤਾਵਾਂ ਨੂੰ ਬੁੰਜ-ਵਿਟੇਰਾ ਰਲੇਵੇਂ ਨੂੰ ਰੱਦ ਕਰਨ ਲਈ ਵਚਨਬੱਧ ਕਰਨ ਮੰਗ ਕਰ ਰਹੀ ਹੈ।

ਭੇਜੇ ਗਏ ਇੱਕ ਪੱਤਰ ਵਿੱਚ ਸ਼ੈਡੋ ਮੰਤਰੀਆਂ ਅਲੀਆਨਾ ਯੰਗ (ਨੌਕਰੀਆਂ ਅਤੇ ਆਰਥਿਕਤਾ) ਅਤੇ ਟ੍ਰੈਂਟ ਵੁਦਰਸਪੂਨ (ਵਿੱਤ) ਨੇ ਜਸਟਿਨ ਟਰੂਡੋ, ਮਾਰਕ ਕਾਰਨੇ, ਪਿਅਰੇ ਪੋਇਲੀਵਰ, ਜਗਮੀਤ ਸਿੰਘ, ਕ੍ਰਿਸਟੀਆ ਫ੍ਰੀਲੈਂਡ, ਅਤੇ ਕਰੀਨਾ ਗੋਲਡ ਨੂੰ ਸਸਕੈਚਵਨ ਫਾਰਮਾਂ ਦੀ ਰੱਖਿਆ ਕਰਨ ਅਤੇ ਪ੍ਰਧਾਨ ਮੰਤਰੀ ਚੁਣੇ ਜਾਣ ਉਪਰੰਤ ਨੌਕਰੀਆਂ ਨੂੰ ਵਾਪਿਸ ਲਿਆਉਣ ਦੀ ਅਪੀਲ ਕੀਤੀ ਹੈ।

ਸ਼ੈਡੋ ਮੰਤਰੀਆਂ ਅਲੀਆਨਾ ਯੰਗ ਯੰਗ ਨੇ ਕਿਹਾ ਕਿ "ਅਸੀਂ ਇਸ ਵਿਲੀਨਤਾ ਬਾਰੇ ਮਹੀਨਿਆਂ ਤੋਂ ਸੁਣ ਰਹੇ ਹਾਂ ਅਤੇ ਬੁੰਜ, ਉਹਨਾਂ ਦੇ ਲਾਬੀਸਟਾਂ ਅਤੇ ਸਾਸਕ ਪਾਰਟੀ ਤੋਂ ਇਲਾਵਾ ਕੋਈ ਵੀ ਸਮਰਥਕ ਨਹੀਂ ਹੈ। ਲੋਕਾਂ ਨੇ ਸਰਬਸੰਮਤੀ ਨਾਲ ਇਸਨੂੰ ਸਸਕੈਚਵਨ ਲਈ ਬੁਰਾ ਕਿਹਾ ਹੈ। ਕੋਈ ਵੀ ਜੋ ਸੱਚਮੁੱਚ ਸਾਡੇ ਸੂਬੇ ਅਤੇ ਆਰਥਿਕਤਾ ਦੀ ਪਰਵਾਹ ਕਰਦਾ ਹੈ ਉਹ ਇਸ ਵਿਲੀਨਤਾ ਨੂੰ ਰੱਦ ਕਰ ਦੇਵੇਗਾ।" ਯੰਗ ਨੇ ਮੋਅ ਤੋਂ ਮੁਆਫੀ ਅਤੇ ਕੋਰਸ ਸੁਧਾਰ ਦੀ ਮੰਗ ਕੀਤੀ। ਯੰਗ ਨੇ ਕਿਹਾ, "ਅਸੀਂ ਡੂੰਘੇ ਚਿੰਤਾ ਦੇ ਸਮਿਆਂ ਵਿੱਚ ਹਾਂ। "ਇੱਕ ਅਮਰੀਕੀ ਬਹੁ-ਰਾਸ਼ਟਰੀ ਨੂੰ ਸਾਡੇ ਮੁਫਤ ਬਾਜ਼ਾਰ ਨੂੰ ਵੇਚਣ ਦਾ ਕੋਈ ਮਤਲਬ ਨਹੀਂ ਹੈ। ਇਸ ਵਿਲੀਨਤਾ ਨੂੰ ਰੋਕਿਆ ਜਾਣਾ ਚਾਹੀਦਾ ਹੈ ਅਤੇ ਰੋਕਿਆ ਜਾ ਸਕਦਾ ਹੈ। ਅਸੀਂ ਸਸਕੈਚਵਨ ਦੀ ਆਰਥਿਕਤਾ ਦੀ ਰੱਖਿਆ ਕਰ ਸਕਦੇ ਹਾਂ।""'ਜੇ ਸਕਾਟ ਮੋ ਸੱਚਮੁੱਚ ਇਸ ਪ੍ਰਾਂਤ ਦੀ ਪਰਵਾਹ ਕਰਦਾ ਹੈ ਤਾਂ ਉਹ ਮੁਆਫੀ ਮੰਗੇਗਾ ਅਤੇ ਬੁੰਜ-ਵਿਟੇਰਾ ਰਲੇਵੇਂ ਦੀ ਨਿੰਦਾ ਕਰੇਗਾ। ਬ੍ਰੈਂਡ ਵਾਲ ਨੇ ਅਜਿਹਾ ਕੀਤਾ ਹੋਵੇਗਾ। ਸਕਾਟ ਮੋਏ ਇੰਨਾ ਡਰਿਆ ਕਿਉਂ ਹੈ?"

# ਭ੍ਰਿਸ਼ਟ ਅਫਸਰਾਂ ਅੱਗੇ ਝੁਕਾਂਗੇ ਨਹੀਂ : ਮੁੱਖ ਮੰਤਰੀ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰਦਰਸ਼ਨਕਾਰੀ ਤਹਿਸੀਲਦਾਰਾਂ ਦੇ ਖਿਲਾਫ਼ ਸਖ਼ਤ ਸਟੈਂਡ ਲੈਂਦਿਆਂ ਸਾਫ ਤੌਰ 'ਤੇ ਕਿਹਾ ਕਿ ਸੂਬਾ ਸਰਕਾਰ ਭ੍ਰਿਸ਼ਟ ਅਫਸਰਾਂ ਅੱਗੇ ਝੁਕੇਗੀ ਨਹੀਂ ਜੋ ਵੱਢੀਖੋਰੀ ਦੇ ਦੋਸ਼ਾਂ ਵਿੱਚ ਪੁਲਿਸ ਕਾਰਵਾਈ ਦਾ ਸਾਹਮਣਾ ਕਰ ਰਹੇ ਹਨ।

ਮੁੱਖ ਮੰਤਰੀ ਨੇ ਖਰੜ, ਬਨੂੜ ਤੇ ਜ਼ੀਰਕਪੁਰ ਦੇ ਤਹਿਸੀਲ ਦਫ਼ਤਰਾਂ ਵਿਖੇ ਰਜਿਸਟਰੀਆਂ ਦਾ ਕੰਮ ਸ਼ੁਰੂ ਕਰਵਾਉਣ ਲਈ ਇਨ੍ਹਾਂ ਤਹਿਸੀਲਾਂ ਦਾ ਤੂਫਾਨੀ ਦੌਰਾ ਕੀਤਾ।



ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਮਾਲ ਅਧਿਕਾਰੀ ਆਪਣੇ ਭ੍ਰਿਸ਼ਟ ਅਫਸਰਾਂ ਦੇ ਖਿਲਾਫ਼ ਵਿਜੀਲੈਂਸ ਦੀ ਕਾਰਵਾਈ ਦੇ ਕਾਰਨ ਸਮੂਹਿਕ ਛੁੱਟੀ ਉਤੇ ਚਲੇ ਗਏ ਹਨ। ਉਨ੍ਹਾਂ ਕਿਹਾ, ਆਪ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਪ੍ਰਤੀ ਕੋਈ ਲਿਹਾਜ਼ ਨਾ ਵਰਤਣ ਦੀ ਨੀਤੀ 'ਤੇ ਪਹਿਰਾ ਦਿੱਤਾ ਜਾ ਰਿਹਾ ਹੈ ਪਰ ਇਸ ਗੱਲ ਦਾ ਦੁੱਖ ਹੈ ਕਿ ਸਮੂਹਿਕ ਛੁੱਟੀ ਉਤੇ ਗਏ ਇਹ ਅਧਿਕਾਰੀ ਭ੍ਰਿਸ਼ਟਾਚਾਰ ਲਈ ਲਾਇਸੰਸ ਮੰਗ ਰਹੇ ਹਨ ਹਨ। ਅਸੀਂ ਸਰਕਾਰ ਦੀ ਬਾਂਹ ਮਰੋੜਨ ਦੀਆਂ ਅਜਿਹੀਆਂ ਕੋਝੀਆਂ ਚਾਲਾਂ ਅੱਗੇ ਝੁਕਾਂਗੇ ਨਹੀਂ ਅਤੇ ਇਨ੍ਹਾਂ ਭ੍ਰਿਸ਼ਟ ਤੇ ਘਮੰਡੀ ਅਫਸਰਾਂ ਦੇ ਖਿਲਾਫ਼ ਸਖ਼ਤ ਕਾਰਵਾਈ ਕਰਾਂਗੇ।

ਮੁੱਖ ਮੰਤਰੀ ਨੇ ਕਿਹਾ ਕਿ ਮਾਲ ਅਧਿਕਾਰੀਆਂ ਵੱਲੋਂ ਸਰਕਾਰ ਉਤੇ ਦਬਾਅ ਬਣਾਉਣ ਲਈ ਇਹੋ ਜਿਹੇ ਹੱਥਕੰਡਿਆਂ ਨੂੰ ਕਿਸੇ ਵੀ ਕੀਮਤ ਉਤੇ ਸਹਿਣ ਨਹੀਂ ਕੀਤਾ ਜਾਵੇਗਾ ਅਤੇ ਇਨ੍ਹਾਂ ਦੇ ਖਿਲਾਫ਼ ਮਿਸਾਲੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਆਉਂਦੇ ਦਿਨਾਂ ਵਿੱਚ ਨਵੇਂ ਤਹਿਸੀਲਦਾਰ ਤੇ ਮਾਲ ਅਧਿਕਾਰੀ ਭਰਤੀ ਕਰੇਗੀ ਜਿਸ ਲਈ ਕੈਬਨਿਟ ਵਿੱਚ ਏਜੰਡਾ ਲਿਆਂਦਾ ਜਾਵੇਗਾ।

ਭਗਵੰਤ ਸਿੰਘ ਮਾਨ ਨੇ ਸਾਫ ਤੌਰ ਉਤੇ ਕਿਹਾ, ਇਹ ਅਧਿਕਾਰੀ ਆਮ ਲੋਕਾਂ ਨੂੰ ਹਰ ਰੋਜ਼ ਖੱਜਲ-ਖੁਆਰ ਕਰਦੇ ਹਨ ਪਰ ਇਸ ਨੂੰ ਹੋਰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਅਤੇ ਸਰਕਾਰ ਇਨ੍ਹਾਂ ਵਿਰੁੱਧ ਕਰੜੀ ਕਾਰਵਾਈ ਕਰੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਸਮੂਹਿਕ ਛੁੱਟੀ ਉਤੇ ਗਏ ਇਨ੍ਹਾਂ ਅਫਸਰਾਂ ਨੂੰ ਇਕ ਗੱਲ ਪੱਲੇ ਬੰਨ ਲੈਣੀ ਚਾਹੀਦੀ ਹੈ ਕਿ ਛੁੱਟੀ ਤੋਂ ਬਾਅਦ ਉਨ੍ਹਾਂ ਨੇ ਕਦੋਂ ਤੇ ਕਿੱਥੇ ਜੁਆਇਨ ਕਰਨਾ ਹੈ, ਇਸ ਦਾ ਫੈਸਲਾ ਹੁਣ ਲੋਕ ਕਰਨਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਕੋਲ ਅਜਿਹੀਆਂ ਚਾਲਾਂ ਨਾਲ ਸਿੱਝਣ ਲਈ ਪਲਾਨ-ਬੀ ਤਿਆਰ ਹੈ ਅਤੇ ਜੇਕਰ ਲੋੜ ਪਈ ਤਾਂ ਸਰਕਾਰ ਤਹਿਸੀਲਦਾਰਾਂ ਦੀਆਂ ਸ਼ਕਤੀਆਂ ਅਧਿਆਪਕਾਂ ਤੇ ਪ੍ਰੋਫੈਸਰਾਂ ਨੂੰ ਦੇਣ ਤੋਂ ਵੀ ਪਿੱਛੇ ਨਹੀਂ ਹਟੇਗੀ ਤਾਂ ਕਿ ਰਜਿਸਟਰੀ ਦੇ ਕੰਮਕਾਜ ਨੂੰ ਨਿਰਵਿਘਨ ਜਾਰੀ ਰੱਖਿਆ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਹਰ ਕੀਮਤ ਉਤੇ ਆਮ ਲੋਕਾਂ ਦੇ ਹਿੱਤ ਮਹਿਫੂਜ਼ ਰੱਖਣ ਲਈ ਪੂਰਨ ਤੌਰ ਉਤੇ ਵਚਨਬੱਧ ਹੈ ਅਤੇ ਸਾਡੀ ਸ਼ਰਾਫ਼ਤ ਨੂੰ ਕੋਈ ਕਮਜ਼ੋਰੀ ਸਮਝਣ ਦੀ ਹਿੰਮਤ ਨਾ ਕਰੇ।

ਮੁੱਖ ਮੰਤਰੀ ਨੇ ਕਿਹਾ ਕਿ ਮਾਲ ਅਧਿਕਾਰੀਆਂ ਦੀ ਸਮੂਹਿਕ ਛੁੱਟੀ ਕਾਰਨ ਆਮ ਲੋਕਾਂ ਨੂੰ ਹੋਣ ਵਾਲੀਆਂ ਮੁਸੀਬਤਾਂ ਤੋਂ ਬਚਾਉਣ ਲਈ ਪੀ.ਸੀ.ਐਸ. ਅਧਿਕਾਰੀ, ਕਾਨੂੰਨਗੋ ਅਤੇ ਸੀਨੀਅਰ ਸਹਾਇਕ (ਜੋ ਨਾਇਬ ਤਹਿਸੀਲਦਾਰ ਦੀ ਤਰੱਕੀ ਲਈ ਸਾਰੀਆਂ ਵਿਭਾਗੀ ਪ੍ਰੀਖਿਆਵਾਂ ਪਾਸ ਕਰ ਚੁੱਕੇ ਹਨ) ਨੂੰ ਤਹਿਸੀਲਾਂ ਦਾ ਕੰਮ ਜਾਰੀ ਰੱਖਣ ਲਈ ਸਬ-ਰਜਿਸਟਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਮਹੂਰੀਅਤ ਵਿੱਚ ਤਾਕਤ ਲੋਕਾਂ ਦੇ ਹੱਥ ਹੁੰਦੀ ਹੈ ਅਤੇ ਉਨ੍ਹਾਂ ਦੀ ਸਰਕਾਰ ਕਿਸੇ ਨੂੰ ਵੀ, ਚਾਹੇ ਉਹ ਕਿੰਨਾ ਹੀ ਰਸੂਖਵਾਨ ਕਿਉਂ ਨਾ ਹੋਵੇ, ਨੂੰ ਲੋਕਾਂ ਲਈ ਮੁਸੀਬਤਾਂ ਖੜ੍ਹੀਆਂ ਨਹੀਂ ਕਰਨ ਦੇਵੇਗੀ। ਭਗਵੰਤ ਸਿੰਘ ਮਾਨ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਤਹਿਸੀਲਾਂ ਵਿੱਚ ਕੰਮ ਨਹੀਂ ਰੁਕੇਗਾ ਅਤੇ ਜ਼ਮੀਨ-ਜਾਇਦਾਦ ਦੀ ਰਜਿਸਟਰੀ ਦਾ ਕੰਮ ਬੇਰੋਕ ਜਾਰੀ ਰਹੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਅਫਸਰ ਸੂਬਾ ਸਰਕਾਰ ਤੋਂ ਮੋਟੀਆਂ ਤਨਖਾਹਾਂ ਲੈ ਰਹੇ ਹਨ ਪਰ ਲੋਕਾਂ ਨੂੰ ਸੇਵਾਵਾਂ ਨਹੀਂ ਦੇ ਰਹੇ। ਉਨ੍ਹਾਂ ਕਿਹਾ ਕਿ ਇਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ ਕਿਉਂਕਿ ਲੋਕਤੰਤਰ ਵਿੱਚ ਲੋਕ ਸਭ ਤੋਂ ਉੱਪਰ ਹਨ ਅਤੇ ਅਧਿਕਾਰੀ ਉਨ੍ਹਾਂ ਪ੍ਰਤੀ ਜਵਾਬਦੇਹ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜੇਕਰ ਇਹ ਅਧਿਕਾਰੀ ਸਮੂਹਿਕ ਛੁੱਟੀ 'ਤੇ ਜਾਣਾ ਚਾਹੁੰਦੇ ਹਨ ਅਤੇ ਕੰਮ ਨਹੀਂ ਕਰਨਾ ਚਾਹੁੰਦੇ ਤਾਂ ਸੂਬਾ ਸਰਕਾਰ ਕੋਲ ਬਹੁਤ ਸਾਰੇ ਬੇਰੁਜ਼ਗਾਰ ਨੌਜਵਾਨ ਹਨ ਜੋ ਪਹਿਲਾਂ ਹੀ ਉਨ੍ਹਾਂ ਦੀ ਜਗ੍ਹਾ 'ਤੇ ਕੰਮ ਕਰਨ ਦੀ ਉਡੀਕ ਕਰ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਆਉਣ ਵਾਲੇ 10 ਦਿਨਾਂ ਲਈ ਉਹ ਕੰਮ ਨੂੰ ਸੁਚਾਰੂ ਬਣਾਉਣ ਲਈ ਸੂਬੇ ਭਰ ਦੀਆਂ ਵੱਖ-ਵੱਖ ਤਹਿਸੀਲਾਂ ਦਾ ਦੌਰਾ ਕਰਨਗੇ। ਉਨ੍ਹਾਂ ਕਿਹਾ ਕਿ ਤਹਿਸੀਲਦਾਰ ਆਪਣੇ ਭ੍ਰਿਸ਼ਟ ਤਰੀਕਿਆਂ ਨਾਲ ਕਈ ਪੀੜ੍ਹੀਆਂ ਤੋਂ ਲੋਕਾਂ ਨੂੰ ਖੱਜਲ-ਖੁਆਰ ਕਰ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪੂਰੀ ਤਰ੍ਹਾਂ ਗੈਰ-ਵਾਜਬ ਅਤੇ ਅਣਉਚਿਤ ਹੈ।




# ਜਰਮਨੀ 'ਚ ਓਲਫ ਸ਼ੁਲਜ਼ ਦੀ ਪਾਰਟੀ ਦੀ ਵੱਡੀ ਹਾਰ

ਬਰਲਿਨ (ਪੰਜਾਬੀ ਅਖ਼ਬਾਰ ਬਿਊਰੋ ) ਜਰਮਨੀ ਦੇ ਚਾਂਸਲਰ ਓਲਫ ਸ਼ੁਲਜ਼ Olaf Scholz ਦੀ ਸੈਂਟਰ ਲੈਫਟ ਸੋਸ਼ਲ ਡੈਮੋਕਰੈਟਸ ਪਾਰਟੀ ਨੂੰ ਸੰਸਦੀ ਚੋਣਾਂ ਵਿਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ ਤੇ ਉਨ੍ਹਾਂ ਦੀ ਪਾਰਟੀ ਤੀਜੇ ਸਥਾਨ 'ਤੇ ਰਹੀ ਹੈ। ਵਿਰੋਧੀ ਧਿਰ ਤੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਫਰੈਡਰਿਕ ਮਰਜ਼ Friedrich Merz ਨੇ ਕੌਮੀ ਚੋਣਾਂ ਵਿਚ ਜਿੱਤ ਦਰਜ ਕੀਤੀ ਹੈ ਜਦੋਂ ਕਿ ਅਲਟਰਨੇਟਿਵ ਫਾਰ ਜਰਮਨੀ Alternative for Germany ਨੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸੱਜੇ-ਪੱਖੀ ਪਾਰਟੀ ਲਈ ਸਭ ਤੋਂ ਮਜ਼ਬੂਤ ਪ੍ਰਦਰਸ਼ਨ ਵਿੱਚ ਆਪਣੀ ਹਮਾਇਤ ਦੁੱਗਣੀ ਕੀਤੀ ਹੈ। ਚਾਂਸਲਰ ਓਲਫ ਸ਼ੁਲਜ਼ ਨੇ ਲੋਕਾਂ ਦੇ ਫ਼ਤਵੇ ਨੂੰ 'ਕੌੜਾ ਚੋਣ ਨਤੀਜਾ' ਦਸਦਿਆਂ ਆਪਣੀ ਪਾਰਟੀ ਸੈਂਟਰ-ਲੈਫਟ ਸੋਸ਼ਲ ਡੈਮੋਕਰੈਟਸ ਲਈ ਹਾਰ ਮੰਨ ਲਈ। ਏਆਰਡੀ ਅਤੇ ਜ਼ੈੱਡਡੀਐਫ ਪਬਲਿਕ ਟੈਲੀਵਿਜ਼ਨ ਲਈ ਦਿਖਾਏ ਰੁਝਾਨਾਂ ਵਿਚ ਉਨ੍ਹਾਂ ਦੀ ਪਾਰਟੀ ਆਲਮੀ ਜੰਗ ਤੋਂ ਬਾਅਦ ਸੰਸਦੀ ਚੋਣਾਂ ਵਿੱਚ ਸਭ ਤੋਂ ਮਾੜੇ ਨਤੀਜੇ ਨਾਲ ਤੀਜੇ ਸਥਾਨ 'ਤੇ ਰਹੀ ਹੈ

# ਟਰੰਪ ਨੂੰ ਕੈਨੇਡਾ ਵਿੱਚ ਹੋਣ ਵਾਲੇ ਜੀ -7 ਸੰਮੇਲਨ ਵਿੱਚ ਸ਼ਾਮਲ ਨਾ ਹੋਣ ਦਿੱਤਾ ਜਾਵੇ -ਜਗਮੀਤ ਸਿੰਘ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਫ਼ੈਡਰਲ ਨਿਊ ਡੈਮੋਕ੍ਰੇਟਿਕ ਪਾਰਟੀ (NDP) ਦੇ ਲੀਡਰ ਜਗਮੀਤ ਸਿੰਘ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕੈਨੇਡਾ ਵਿੱਚ ਹੋਣ ਵਾਲੇ 7-7 ਸੰਮੇਲਨ ਵਿੱਚ ਸ਼ਾਮਲ ਹੋਣ ਤੋਂ ਰੋਕਣ ਦੀ ਮੰਗ ਕੀਤੀ ਹੈ। ਜਗਮੀਤ ਸਿੰਘ ਨੇ ਕੌਂਸਿਲ ਡੇਸ ਰਿਲੇਸ਼ਨਜ਼ ਇੰਟਰਨੈਸ਼ਨਲਜ਼ ਡੀ ਮਾਂਟਰੀਅਲ (CORIM) ਵਿਖੇ ਵਿਦੇਸ਼ੀ ਮਾਮਲਿਆਂ ਅਤੇ ਅੰਤਰਰਾਸ਼ਟਰੀ ਸਹਿਯੋਗ 'ਤੇ ਇੱਕ ਭਾਸ਼ਣ ਦੌਰਾਨ ਕਿਹਾ, ÷ਸਾਨੂੰ ਡੋਨਾਲਡ ਟਰੰਪ ਨੂੰ 7-7 ਸੰਮੇਲਨ ਵਿੱਚ ਸ਼ਾਮਲ ਹੋਣ ਤੋਂ ਰੋਕਣ ਦੀ ਲੋੜ ਹੈ। ਡੋਨਾਲਡ ਟਰੰਪ ਦਾ ਇੱਥੇ ਸਵਾਗਤ ਨਹੀਂ ਕੀਤਾ ਜਾਣਾ ਚਾਹੀਦਾ। ਉਨਾਂ ਕਿਹਾ ਕਿ ਅਸੀਂ ਕਿਸੇ ਅਜਿਹੇ ਵਿਅਕਤੀ ਨੂੰ ਕਿਉਂ ਸੱਦਾ ਦੇਵਾਂਗੇ ਜਿਹੜਾ ਸਾਡੇ ਲੋਕਤੰਤਰ ਅਤੇ ਪ੍ਰਭੂਸੱਤਾ ਲਈ ਖ਼ਤਰਾ ਬਣਿਆ ਹੋਇਆ ਹੈ ?

















MONARCH
AT COOPER'S CROSSING

LUXURY URBAN CONDOS
One, Two & Two bed + Flex,
ranging 670 – 1,198 SQ. FT.

ਸ਼ੋਅ ਹੋਮ ਹੁਣ ਖੁੱਲੇ ਹਨ

ਜੀਵਨਸ਼ੈਲੀ ਦੀਆਂ ਸਹੂਲਤਾਂ





$15,000 ਤੱਕ ਦੀ ਬੱਚਤ ਕਰੋ-ਆਫਰ ਥੋੜੇ ਸਮੇਂ ਲਈ

VESTA PROPERTIES
VESTAELEVATE.COM

SALES CENTRE
#1601 – 201 Cooperswood Green SW, Airdrie
587.317.1516 | cooperscrossing@vestaproperties.com


ਕੈਲਗਰੀ ਵਿੱਚ ਸਾਂਝਾ ਪੰਜਾਬ ਗਰੋਸਰੀ ਸਟੋਰ
ਦੀ ਛੇਵੀਂ ਲੋਕੇਸ਼ਨ 400-DE CARRINGTON BLVD,NW
CALGARY ਨਾਰਥਵੈਸਟ ਏਰੀਆ ਵਿੱਚ ਖੁੱਲ ਗਈ ਹੈ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
Mega
Sanjha Punjab
6 LOCATIONS TO SERVE YOU
331-3690 WESTWINDS DR NE, CALGARY
117 7171 80 AVE NE, CALGARY
570-6520 FALCONRIDGE BLVD. NE, CALGARY
606 CITYSCAPE SQR NE, CALGARY
3150-235 RED EMBERS WAY NE, CALGARY
400-45 CARRINGTON BLVD, NW, CALGARY


2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1
PIZZA HOUSE
HOUSE OF TASTE & QUALITY
Please advise us of any food allergies
ਆਪਣੇ ਸ਼ਹਿਰ ਵਿੱਚ
2 ਫਾਰ ਵਨ ਪੀਜ਼ਾ ਦੀ ਫਰੈਂਚਾਈਜ
ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
"GREAT FOOD, GREAT PRICE, GREAT QUALITY!!"
Business Hours
Sunday – Thursday
11:00 am – 12:00 am
Friday & Saturday
11:0 am – 1:00 am
Location Hours May Vary
info@2for1pizzahouse.com
www.2for1pizzahouse.com
We are proud to serve in Edmonton with 6 locations!
CALGARY
#123, 55 Westwinds Cres NE, Calgary, AB T3J 5H2
Tel: 403-285-9000
STONEGATE - CALGARY
#112, 2550 Country Hills Blvd NE, Calgary, AB T3N 1E4
Tel: 403-818-9000
NOLAN HILL - CALGARY
#155, 50 Nolanridge Crt NW Calgary, AB
Tel: 403-300-2442
CHESTERMERE
#101-288 Kinniburg BLVD Chestermere (AB)
Tel : 403 292 0000
EDMONTON
#3747 – 8th Ave SW, Edmonton, AB T6X 1A4
Tel: 780-250-9009
EDMONTON
#3050, 106 St NW, Edmonton, AB T6J 5M5
Tel: 780-540-9900


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ
ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ
ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ
ਹੀ ਡੀਲ ਕਰਕੇ ਤੁਹਾਡੇ ਘਰ ਨੂੰ
ਪਹਿਲਾਂ ਨਾਲੋਂ ਵੀ ਸੋਹਣਾ ਅਤੇ
ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com